
ਚੁਨਾਰ ਦੇ ਪੱਥਰ ਦੇ ਬਣੇ ਇਹ ਸਤੰਭ 34 ਫੁੱਟ ਉੱਚੇ ਹਨ। ਇਹਨਾਂ ਉੱਤੇ ਬਹੁਤ ਵਧੀਆ ਪਾਲਿਸ਼ ਕੀਤੀ ਗਈ ਹੈ, ਜਿਸ ਵਿੱਚ ਸ਼ੀਸ਼ੇ ਵਾਂਗ ਚਮਕ ਹੈ। ਇਹਨਾਂ ਸਤੰਭਾਂ ਉੱਤੇ ਬੈਲ, ਹਾਥੀ,



*ਚਿੱਤਰ 13.6 ਅਸ਼ੋਕ ਸਤੰਭ*

ਸ਼ੇਰ ਆਦਿ ਦੀਆਂ ਮੂਰਤੀਆਂ ਲਗਾਈਆਂ ਗਈਆਂ ਸਨ। ਇੱਕ ਅਜਿਹੀ ਮੂਰਤੀ ਵਿੱਚ ਚਾਰ ਸ਼ੇਰ ਪਿੱਠ ਨਾਲ ਪਿੱਠ ਲਗਾ ਕੇ ਬੈਠੇ ਦਿਖਾਏ ਗਏ ਹਨ। ਸਾਰਨਾਥ (ਉੱਤਰ ਪ੍ਰਦੇਸ਼) ਤੋਂ ਪ੍ਰਾਪਤ ਹੋਈ ਇਹ ਮੂਰਤੀ ਹੁਣ ਸਾਡਾ ਰਾਸ਼ਟਰ ਚਿੰਨ੍ਹ ਹੈ। ਇਹਨਾਂ ਸਤੰਭਾਂ ਤੇ ਅਸ਼ੋਕ ਨੇ ਅਪਣੇ ਲੇਖ ਖੁਦਵਾਏ ਸਨ। ਇਹਨਾਂ ਦੇ ਇਲਾਵਾ ਯਕਸ਼ਾਂ ਅਤੇ ਯਕਸ਼ਣੀਆਂ ਦੀਆਂ ਖ਼ੂਬਸੂਰਤ ਮੂਰਤੀਆਂ ਵੀ ਬਣਵਾਈਆਂ ਗਈਆਂ ਸਨ। ਪਟਨਾ ਦੇ ਨੇੜੇ ਦੀਦਾਰ ਗੰਜ ਤੋਂ ਪ੍ਰਾਪਤ ਹੋਈ ਮੋਢੇ ਤੇ ਚੌਰੀ ਚੁੱਕੀ ਹੋਈ ਇੱਕ ਯਕਸ਼ਣੀ ਦੀ ਮੂਰਤੀ ਬਹੁਤ ਪ੍ਰਸਿੱਧ ਹੈ।



*ਚਿੱਤਰ 13.7 ਸਾਰਨਾਥ ਵਿਖੇ ਅਸ਼ੋਕ ਸਤੰਭ ਦਾ ਉਪਰਲਾ ਭਾਗ*

## ਮੌਰੀਆ ਸਾਮਰਾਜ ਦਾ ਪਤਨ :

ਅਸ਼ੋਕ ਦੀ ਮੌਤ ਤੋਂ ਪਿੱਛੋਂ ਮੌਰੀਆ ਸਾਮਰਾਜ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਗਿਆ, ਜਿਸ ਦੇ ਕਈ ਕਾਰਨ ਸਨ, ਜਿੰਨ੍ਹਾਂ ਵਿੱਚੋਂ ਇੱਕ ਕਾਰਨ ਇਹ ਸੀ ਕਿ ਅਸ਼ੋਕ ਦੇ ਉਤਰਾਧਿਕਾਰੀ ਅਯੋਗ ਸਨ। ਉਹ ਸਾਮਰਾਜ ਤੇ ਠੀਕ ਤਰ੍ਹਾਂ ਨਾਲ ਕਾਬੂ ਨਾ ਰੱਖ ਸਕੇ। ਦੂਜਾ ਕਾਰਨ ਇਹ ਸੀ

ਕਿ ਉਹ ਆਪਣੇ ਰਾਜ ਵਿੱਚ ਸੜਕਾਂ ਦਾ ਜਾਲ ਨਾ ਵਿਛਾਅ ਸਕਿਆ। ਇਸ ਕਰਕੇ ਪ੍ਰਾਂਤਾਂ ਵਿਚਕਾਰ ਵਪਾਰ ਅਤੇ ਆਪਸੀ ਸੰਬੰਧ ਖ਼ਤਮ ਹੋ ਗਏ। ਸਰਕਾਰੀ ਆਮਦਨ ਦੀ ਲਗਾਤਾਰ ਆਮਦ ਤੋਂ ਬਿਨਾਂ ਇੱਕ ਵੱਡੀ ਸੈਨਾ ਦਾ ਪ੍ਰਬੰਧ ਚਲਾਉਣਾ ਔਖਾ ਸੀ। **ਤੀਜਾ** ਕਾਰਨ ਇਹ ਸੀ ਕਿ ਅਫ਼ਸਰ ਭ੍ਰਿਸ਼ਟਾਚਾਰੀ ਅਤੇ ਖੁਦਮੁਖਤਾਰ ਹੋ ਗਏ ਸਨ। ਇਸ ਕਰਕੇ ਸ਼ਾਸਨ ਪ੍ਰਬੰਧ ਦੀ ਸਾਰੀ ਵਿਵਸਥਾ ਫੇਲ੍ਹ ਹੋ ਗਈ। ਚੌਥਾ ਕਾਰਨ ਇਹ ਸੀ ਕਿ ਮੌਰੀਆ ਵੰਸ਼ ਦੇ ਆਖ਼ਰੀ ਸ਼ਾਸਕ ਬ੍ਰਿਹਦਰਥ ਦਾ 184 ਈ. ਵਿੱਚ ਪੁਸ਼ਿਆਮਿੱਤਰ ਸ਼ੁੰਗ ਨੇ ਕਤਲ ਕਰ ਦਿੱਤਾ ਸੀ, ਜਿਸ ਕਰਕੇ ਮੌਰੀਆ ਵੰਸ਼ ਦਾ ਪਤਨ ਹੋ ਗਿਆ।

### ਸ਼ੁੰਗ ਵੰਸ਼ :

ਮੌਰੀਆ ਸੈਨਾਪਤੀ ਪੁਸ਼ਿਆਮਿੱਤਰ ਸ਼ੁੰਗ ਨੇ ਅੰਤਿਮ ਮੌਰੀਆ ਸਮਰਾਟ ਬ੍ਰਿਹਦਰਥ ਨੂੰ ਮਾਰ ਕੇ 184 ਈ. ਪੂਰਵ ਵਿੱਚ ਰਾਜਗੱਦੀ ਪ੍ਰਾਪਤ ਕਰ ਲਈ। ਉਸ ਦਾ ਵੰਸ਼ 'ਸ਼ੁੰਗ ਵੰਸ਼' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੁਸ਼ਿਆਮਿੱਤਰ ਇੱਕ ਸ਼ਕਤੀਸ਼ਾਲੀ ਰਾਜਾ ਸੀ, ਜਿਸ ਨੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਉਸ ਦੇ ਸਮੇਂ ਵਿੱਚ ਯੂਨਾਨੀ ਹਮਲਾਵਰ ਮਿਨਾਂਦਰ ਨੇ ਭਾਰਤ ਉੱਤੇ ਹਮਲਾ ਕੀਤਾ। ਪੁਸ਼ਿਆਮਿੱਤਰ ਨੇ ਆਪਣੇ ਪੋਤੇ ਵਸੂਮਿੱਤਰ ਨੂੰ ਯੂਨਾਨੀਆਂ ਨਾਲ ਲੜਨ ਲਈ ਭੇਜਿਆ। ਵਸੂਮਿੱਤਰ ਨੇ ਹਮਲਾਵਰਾਂ ਨੂੰ ਸਿੰਧ ਨਦੀ ਦੇ ਕੰਢੇ ਹਰਾਇਆ। ਪੁਸ਼ਿਆਮਿੱਤਰ ਨੇ ਦੋ ਅਸ਼ਵਮੇਘ ਯੱਗ ਕੀਤੇ। ਮੱਧ ਪ੍ਰਦੇਸ਼ ਵਿੱਚ **ਭਰਹੁਤ** ਸਤੂਪ ਉਸ ਦੇ ਸਮੇਂ ਬਣਾਇਆ ਗਿਆ। ਉਸ ਦੇ ਬਾਅਦ ਉਸ ਦਾ ਪੁੱਤਰ ਅਗਨੀਮਿੱਤਰ ਰਾਜਾ ਬਣਿਆ। ਛੇਤੀ ਹੀ ਸ਼ੁੰਗ ਵੰਸ਼ ਦਾ ਪਤਨ ਹੋ ਗਿਆ। ਹੁਣ ਮੱਧ-ਏਸ਼ੀਆ ਤੋਂ ਬਹੁਤ ਸਾਰੇ ਵਿਦੇਸ਼ੀ ਜਿਵੇਂ ਸ਼ਕ, ਪੱਲਵ ਕੁਸ਼ਾਨ ਆਦਿ ਨੇ ਭਾਰਤ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਹਨਾਂ ਬਾਰੇ ਅਸੀਂ ਅਗਲੇ ਪਾਠ ਵਿੱਚ ਪੜ੍ਹਾਂਗੇ।

### ਯਾਦ ਰੱਖਣ ਯੋਗ ਨੁਕਤੇ

1. 326 ਈ.ਪੂ. ਵਿਚ ਮਕਦੂਨੀਆ ਦੇ ਮਹਾਨ ਸ਼ਾਸਕ ਸਿਕੰਦਰ ਨੇ ਭਾਰਤ ਉਤੇ ਹਮਲਾ ਕੀਤਾ।
2. ਚੰਦਰ ਗੁਪਤ ਮੌਰੀਆ ਨੇ ਆਪਣੇ ਗੁਰੂ ਚਾਣਕਿਆ ਦੀ ਸਹਾਇਤਾ ਨਾਲ 321 ਈ.ਪੂ. ਵਿਚ ਨੰਦ ਵੰਸ਼ ਨੂੰ ਖਤਮ ਕਰਕੇ ਮੌਰੀਆਵੰਸ਼ ਦੀ ਨੀਂਹ ਰੱਖੀ।
3. ਚੰਦਰਗੁਪਤ ਨੇ ਸੈਲਯੂਕਸ ਨੂੰ ਹਰਾ ਕੇ ਅਫਗਾਨਿਸਤਾਨ ਦਾ ਕਾਫੀ ਹਿੱਸਾ ਮੌਰੀਆ ਸਾਮਰਾਜ ਵਿੱਚ ਸ਼ਾਮਲ ਕੀਤਾ।
4. ਅਰਥਸ਼ਾਸਤਰ ਅਤੇ ਇੰਡਿਕਾ ਪੁਸਤਕ ਤੋਂ ਮੌਰੀਆ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।
5. ਚੰਦਰ ਗੁਪਤ 297 ਈ.ਪੂ. ਵਿੱਚ ਰਾਜਾ ਬਣਿਆ ਅਤੇ 25 ਸਾਲ ਰਾਜ ਕੀਤਾ।
6. ਅਸ਼ੋਕ ਨੇ 261 ਈ.ਪੂ. ਵਿੱਚ ਕਾਲਿੰਗ ਉਤੇ ਜਿੱਤ ਪ੍ਰਾਪਤ ਕਰਨ ਪਿੱਛੋ ਸਦਾ ਲਈ ਯੁੱਧ ਦਾ ਤਿਆਗ ਕਰ ਦਿੱਤਾ ਅਤੇ ਬੁੱਧ ਧਰਮ ਨੂੰ ਮੰਨਣ ਲੱਗ ਪਿਆ। ਉਸ ਦੀਆਂ ਸਿੱਖਿਆਵਾਂ ਅਸ਼ੋਕ ਦਾ ਧੰਮ ਕਹਾਉਂਦੀਆਂ ਹਨ।
7. ਮੌਰੀਆ ਸੈਨਾਪਤੀ ਪੁਸ਼ਿਆ ਮਿੱਤਰ ਸ਼ੁੰਗ ਨੇ ਮੌਰੀਆ ਸਮਰਾਟ ਬ੍ਰਿਹਦਰਥ ਨੂੰ ਮਾਰ ਕੇ 184 ਈ.ਪੂ. ਵਿਚ ਰਾਜਗੱਦੀ ਪ੍ਰਾਪਤ ਕਰ ਲਈ।

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਸਿੰਕਦਰ ਬਾਰੇ ਤੁਸੀਂ ਕੀ ਜਾਣਦੇ ਹੋ ?

(2) ਕੌਟੱਲਿਆ ਬਾਰੇ ਇੱਕ ਨੋਟ ਲਿਖੋ।

(3) ਅਸ਼ੋਕ ਨੂੰ 'ਮਹਾਨ' ਕਿਉਂ ਕਿਹਾ ਜਾਂਦਾ ਹੈ ?

(4) ਮੌਰੀਆ ਕਲਾ ਬਾਰੇ ਤੁਸੀਂ ਕੀ ਜਾਣਦੇ ਹੋ ?

## II. ਹੇਠ ਲਿਖੇ ਵਾਂਕਾਂ ਵਿੱਚ ਖਾਲੀ ਥਾਵਾਂ ਭਰੋ :

(1) ਸਿਕੰਦਰ ਦੇ ਸੈਨਿਕ ਪੰਜਾਬ ਦੇ ਲੋਕਾਂ ਦੀ ...................... ਵੇਖਕੇ ਡਰ ਗਏ।

(2) ਚੰਦਰ ਗੁਪਤ ਨੇ ...................... ਈ.ਪੂ. ਤੱਕ ਰਾਜ ਕੀਤਾ।

(3) ਸੈਲਯੂਕਸ ...................... ਦਾ ਯੂਨਾਨੀ ਰਾਜਦੂਤ ਸੀ।

(4) ਕੌਟੱਲਿਆ ਦੇ ...................... ਅਤੇ ਮੈਗਸਥਨੀਜ਼ ਦੀ ...................... ਪੁਸਤਕ ਤੋਂ ਸਾਨੂੰ ਮੌਰੀਆ ਸਾਮਰਾਜ ਦੇ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।

(5) ਮੱਧ ਪ੍ਰਦੇਸ਼ ਵਿਚ ...................... ਦਾ ਸਤੂਪ ਬਹੁਤ ਪ੍ਰਸਿੱਧ ਹੈ।

## III. ਹੇਠ ਲਿਖੇ ਸ਼ਬਦਾਂ ਦਾ ਸਹੀ ਮਿਲਾਨ ਕਰੋ :

| | |
|---|---|
| (1) ਮੈਗਸਥਨੀਜ਼ | (ੳ) ਅਰਥਸ਼ਾਸਤਰ |
| (2) ਕੌਟੱਲਿਆ | (ਅ) ਸਤੂਪ |
| (3) ਸਾਂਚੀ | (ੲ) ਮੰਤਰੀ |
| (4) ਅਮਾਤਯਾ | (ਸ) ਇੰਡਿਕਾ |

## IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :

(1) ਸੈਲਯੂਕਸ ਨੇ ਚੰਦਰ ਗੁਪਤ ਮੌਰੀਆ ਨੂੰ ਹਰਾਇਆ। ☐

(2) ਅਸ਼ੋਕ ਨੇ ਲੋਹੇ ਦੇ ਵਿਸ਼ਾਲ ਸਤੰਭ ਬਣਵਾਏ। ☐

(3) ਮਹਾਮਾਤਰ ਸਿਕੰਦਰ ਦੇ ਅਫ਼ਸਰ ਸਨ। ☐

(4) ਅਸ਼ੋਕ ਨੇ ਕਲਿੰਗ ਯੁੱਧ ਦੇ ਪਿੱਛੋਂ ਬੁੱਧ ਧਰਮ ਅਪਨਾਇਆ। ☐

(5) ਚੰਦਰ ਗੁਪਤ ਨੇ ਸੁਦਰਸ਼ਨ ਝੀਲ ਦਾ ਨਿਰਮਾਣ ਕਰਵਾਇਆ। ☐

## ਗਤੀਵਿਧੀ

ਅਸ਼ੋਕ ਦੁਆਰਾ ਬਣਾਏ ਗਏ ਸਮਾਰਕਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ ਅਤੇ ਆਪਣੀ ਸਕ੍ਰੈਪ ਬੁੱਕ ਵਿੱਚ ਚਿਪਕਾਓ।

ਪਾਠ 14

# ਭਾਰਤ 200 ਈ. ਪੂ. ਤੋਂ 300 ਈ. ਤਕ

## ਦੱਕਨ :

ਵਿਧਿੰਆਚਲ ਪਰਬਤ ਅਤੇ ਨਰਮਦਾ ਨਦੀ ਦੇ ਦੱਖਣੀ ਇਲਾਕੇ ਨੂੰ **'ਦੱਕਨ'** ਕਿਹਾ ਜਾਂਦਾ ਹੈ। ਪ੍ਰਾਚੀਨ ਕਾਲ ਵਿੱਚ ਇਸ ਨੂੰ ਦਕਿਸ਼ਣਾਪੱਥ ਕਿਹਾ ਜਾਂਦਾ ਸੀ।

ਦੱਕਨ ਵਿੱਚ ਮੌਰੀਆ ਦੇ ਪ੍ਰਸਿੱਧ ਸ਼ਾਸਕ ਸਾਤਵਾਹਨ ਸਨ, ਜਿੰਨ੍ਹਾਂ ਨੇ ਲਗਪਗ ਤਿੰਨ ਸੌ ਸਾਲ (ਪਹਿਲੀ ਸਦੀ ਈ. ਪੂਰਵ ਤੋਂ 220 ਈ.) ਤੱਕ ਰਾਜ ਕੀਤਾ।

## ਸਾਤਵਾਹਨ :

ਗੌਤਮੀਪੁੱਤਰ ਸ਼ਾਤਕਰਣੀ ਇੱਕ ਮਹਾਨ ਸਾਤਵਾਹਨ ਸ਼ਾਸਕ ਸੀ। ਉਸ ਨੇ 106 ਈ. ਤੋਂ 130 ਈ. ਤੱਕ ਰਾਜ ਕੀਤਾ। ਉਹ ਇੱਕ ਮਹਾਨ ਜੇਤੂ ਅਤੇ ਦਿਆਲੂ ਰਾਜਾ ਸੀ।



*14.1 ਗੌਤਮੀ ਪੁੱਤਰ ਸ਼ਤਕਰਣੀ*

ਗੌਤਮੀਪੁੱਤਰ ਸ਼ਾਤਕਰਣੀ ਦਾ ਉੱਤਰਾਧਿਕਾਰੀ ਉਸ ਦਾ ਪੁੱਤਰ ਵਸ਼ਿਸ਼ਠੀ ਪੁੱਤਰ ਪੁਲੁਮਾਵਿ ਨੇ 130-154 ਈ. ਤੱਕ ਰਾਜ ਕੀਤਾ। ਉਸ ਨੇ ਮਹਾਰਾਸ਼ਟਰ ਵਿੱਚ ਔਰੰਗਾਬਾਦ ਜ਼ਿਲ੍ਹੇ ਦੇ ਪ੍ਰਤਿਸ਼ਠਾਨ ਨਾਮੀ ਸਥਾਨ ਨੂੰ ਆਪਣੀ ਰਾਜਧਾਨੀ ਬਣਾਇਆ। ਸਾਤਵਾਹਨਾਂ ਦਾ ਅੰਤਿਮ ਮਹਾਨ ਸ਼ਾਸਕ ਯੱਗਸ਼੍ਰੀ ਸ਼ਾਤਕਰਣੀ ਸੀ। ਉਸ ਨੇ ਵਪਾਰ ਨੂੰ ਪ੍ਰਫੁੱਲਿਤ ਕੀਤਾ ਅਤੇ ਮਲਾਇਆ ਵਿੱਚ ਜਹਾਜ਼ੀ ਮੁਹਿੰਮਾਂ ਭੇਜੀਆਂ। ਉਸ ਦੀ ਮੌਤ ਤੋਂ ਬਾਅਦ ਸਾਤਵਾਹਨ ਵੰਸ਼ ਦਾ ਪਤਨ ਅਤੇ 220 ਈ. ਵਿੱਚ ਰਾਜ ਦਾ ਅੰਤ ਹੋ ਗਿਆ।

## ਸਾਤਵਾਹਨਾਂ ਦੀਆਂ ਪ੍ਰਾਪਤੀਆਂ :

**ਸ਼ਾਸਨ ਪ੍ਰਬੰਧ** : ਰਾਜਾ ਨੂੰ ਧਰਮ ਦਾ ਰੱਖਿਅਕ ਅਤੇ ਦੈਵੀ ਸ਼ਕਤੀਆਂ ਦਾ ਧਾਰਨੀ ਮੰਨਿਆ ਜਾਂਦਾ ਸੀ। ਸਾਮਰਾਜ ਨੂੰ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ। ਪ੍ਰਾਂਤ ਦਾ ਪ੍ਰਬੰਧ ਸੈਨਾਪਤੀ ਦੁਆਰਾ ਚਲਾਇਆ ਜਾਂਦਾ ਸੀ। ਪ੍ਰਾਂਤਾਂ ਨੂੰ ਅੱਗੇ ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਸੀ, ਜਿੰਨ੍ਹਾਂ ਨੂੰ **ਅਹਾਰਾਸ**, ਅਧਿਕਾਰੀਆਂ ਅਨੁਸਾਰ ਅਮਾਤਯ ਅਤੇ ਮਹਾਮਾਤਰ ਕਿਹਾ ਜਾਂਦਾ ਸੀ। ਪੇਂਡੂ ਇਲਾਕਿਆਂ ਦਾ ਰਾਜ ਪ੍ਰਬੰਧ ਗੋਲਮੀਕਾਸ ਦੁਆਰਾ ਚਲਾਇਆ ਜਾਂਦਾ ਸੀ।

## ਆਰਥਿਕ ਦਸ਼ਾ :

ਸਾਤਵਾਹਨਾਂ ਨੇ ਨਗਰਾਂ ਅਤੇ ਪਿੰਡਾਂ ਨੂੰ ਜੋੜਨ ਲਈ ਸੜਕਾਂ ਬਣਾਈਆਂ। ਉਨ੍ਹਾਂ ਨੇ ਅੰਦਰੂਨੀ ਅਤੇ ਵਿਦੇਸ਼ੀ ਦੋਵਾਂ ਤਰ੍ਹਾਂ ਦੇ ਵਪਾਰ ਨੂੰ ਪ੍ਰਫੁੱਲਿਤ ਕੀਤਾ। ਸਾਤਵਾਹਨ ਰਾਜ ਵਿੱਚ ਪੱਛਮੀ ਅਤੇ ਪੂਰਬੀ ਤੱਟਾਂ ਤੇ ਸਥਿਤ ਬੰਦਰਗਾਹਾਂ ਵੀ ਸ਼ਾਮਲ ਸਨ। ਬੰਦਰਗਾਹਾਂ ਅਰਬ, ਈਰਾਨ, ਮਿਸਰ, ਬਰਮਾ ਅਤੇ ਮਲਾਇਆ ਵਰਗੇ ਦੇਸਾਂ ਨਾਲ ਵਿਦੇਸ਼ੀ ਵਪਾਰ ਦਾ ਕੇਂਦਰ ਬਣ ਗਈਆਂ ਸਨ। ਸ਼ਰਾਬ, ਤਾਂਬਾ, ਸ਼ੀਸ਼ਾ ਅਤੇ ਕੀਮਤੀ ਪੱਥਰ ਬਾਹਰਲੇ ਦੇਸਾਂ ਤੋਂ ਭਾਰਤ ਵਿੱਚ ਮੰਗਵਾਏ ਜਾਂਦੇ ਸਨ। ਵਿਦੇਸ਼ਾਂ ਵਿੱਚ ਭੇਜੀਆਂ ਜਾਣ ਵਾਲੀਆਂ ਵਸਤਾਂ ਦੇ ਬਦਲੇ ਸੋਨੇ ਅਤੇ ਚਾਂਦੀ ਦੇ ਸਿੱਕੇ ਭਾਰਤ ਵਿੱਚ ਲਿਆਂਦੇ ਜਾਂਦੇ ਸਨ।

## ਧਰਮ :

ਸਾਤਵਾਹਨ ਰਾਜੇ ਹਿੰਦੂ ਧਰਮ ਦੇ ਅਨੁਯਾਈ ਸਨ। ਆਮ ਤੌਰ ਤੇ ਵਿਸ਼ਨੂੰ ਅਤੇ ਸ਼ਿਵ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਵਪਾਰੀ ਲੋਕ ਬੁੱਧ ਧਰਮ ਦੇ ਅਨੁਯਾਈ ਸਨ।

## ਕਲਾ ਅਤੇ ਭਵਨ ਨਿਰਮਾਣ ਕਲਾ :

ਸਾਤਵਾਹਨਾਂ ਨੇ ਪੱਛਮੀ ਦੱਕਨ ਵਿੱਚ ਪੱਥਰ-ਕੱਟ ਭਵਨ ਨਿਰਮਾਣ ਕਲਾ ਅਤੇ ਗੁਫ਼ਾ-ਮੰਦਰਾਂ ਨੂੰ ਸਰਪ੍ਰਸਤੀ ਦਿੱਤੀ। ਪੂਨੇ ਦੇ ਨੇੜੇ ਕਾਰਲੇ ਦਾ ਪੱਥਰ-ਕੱਟ ਗੁਫ਼ਾ ਦੀ ਬਣਤਰ ਦਾ ਚੈਤਿਯਾ ਹਾਲ ਬਹੁਤ ਪ੍ਰਸਿੱਧ ਹੈ। ਚੈਤਿਯ ਦੇ ਨਾਲ ਬੋਧੀ ਭਿਖਸ਼ੂਆਂ ਲਈ ਪ੍ਰਾਰਥਨਾ ਜਾਂ ਸਭਾ ਹਾਲ ਸਨ, ਜੋ



**ਚਿੱਤਰ 14.2** *ਕਾਰਲੇ ਦੀ ਗੁਫ਼ਾ ਦਾ ਅੰਦਰਲਾ ਦ੍ਰਿਸ਼*

ਪੱਥਰ-ਕੱਟ ਵਿਹਾਰਾਂ ਜਾਂ ਈਸਾਈ ਮੱਠਾਂ ਦੇ ਨੇੜੇ ਬਣਾਏ ਗਏ। ਇੱਕ ਵਿਹਾਰ ਵਿੱਚ ਇੱਕ ਹਾਲ ਜਿਸ ਦਾ ਦਰਵਾਜ਼ਾ ਉੱਪਰ ਵੱਲ ਇੱਕ ਵਰਾਂਡੇ ਵਿੱਚ ਖੁੱਲ੍ਹਦਾ ਸੀ।



**ਚਿੱਤਰ 14.3** *ਅਮਰਾਵਤੀ ਸਤੂਪ ਦੇ ਖੰਡਰ*

ਸਾਤਵਾਹਨਾਂ ਨੇ ਬਹੁਤ ਸਾਰੇ ਸਤੂਪ ਵੀ ਬਣਾਏ। ਸਾਂਚੀ ਦੇ ਸਤੂਪਾਂ ਨਾਲੋਂ ਅਮਰਾਵਤੀ ਦਾ ਸਤੂਪ ਬਹੁਤ ਸੁੰਦਰਤਾ ਨਾਲ ਸਜਾਇਆ ਗਿਆ ਹੈ। ਇਸ ਵਿੱਚ ਬੁੱਧ ਦੇ ਜੀਵਨ ਦੀ ਸਾਰੀ ਕਹਾਣੀ ਨੂੰ ਦਰਸਾਉਂਦੇ ਹੋਏ ਚਿੱਤਰ ਤਰਾਸ਼ੇ ਗਏ ਹਨ। ਘਨਟਸਾਲ ਅਤੇ ਨਾਗਅਰਜੁਨੀਕੋਂਡਾ ਵਿਖੇ ਗੋਦਾਵਰੀ ਡੈਲਟਾ ਵਿੱਚ ਵੀ ਸਤੂਪ ਸਥਾਪਤ ਕੀਤੇ ਗਏ ਪ੍ਰੰਤੂ ਉਹ ਹੁਣ ਨਹੀਂ ਹਨ।



*ਚਿੱਤਰ 14.4 ਨਾਗਅਰਜੁਨੀਕੋਂਡਾ ਵਿਖੇ ਸਤੂਪ*


## ਦੱਕਨ ਅਤੇ ਦੱਖਣੀ ਭਾਰਤ ਦੀ ਮਹਾਪਾਸ਼ਾਣ ਸੰਸਕ੍ਰਿਤੀ :

200 ਈ. ਪੂਰਵ ਵਿੱਚ ਲੋਹੇ ਦੀ ਖੋਜ ਭਾਰਤੀ ਸਭਿਅਤਾ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਕੜੀ ਮੰਨੀ ਜਾਂਦੀ ਹੈ। ਲੋਹਾ ਤਾਂਬੇ ਅਤੇ ਕਾਂਸੇ ਨਾਲੋਂ ਜ਼ਿਆਦਾ ਮਜ਼ਬੂਤ ਹੁੰਦਾ ਹੈ। ਇਸ ਲਈ ਇਹ ਜ਼ਿਆਦਾ ਲਾਭਦਾਇਕ ਹੈ। ਇਹ ਜਲਦੀ ਹੀ ਲੋਕਪ੍ਰਿਯ ਹੋ ਗਿਆ ਅਤੇ ਲੋਕਾਂ ਨੇ ਇਸ ਦੇ ਔਜ਼ਾਰ, ਹਥਿਆਰ ਅਤੇ ਭਾਂਡੇ ਬਣਾਉਣੇ ਸ਼ੁਰੂ ਕਰ ਦਿੱਤੇ। ਦੱਕਨ ਅਤੇ ਦੱਖਣੀ ਭਾਰਤ ਵਿੱਚ ਇਸ ਦਾ ਪ੍ਰਯੋਗ ਲਗਪਗ 1200 ਈਸਵੀ ਪੂਰਵ ਵਿੱਚ ਸ਼ੁਰੂ ਹੋਇਆ। ਇਸ ਦੀ ਵਰਤੋਂ ਕਰਨ ਵਾਲੇ ਲੋਕ ਮਹਾਂਪਾਸ਼ਾਣ ਨਿਰਮਾਤਾਂ ਦੇ ਨਾਂ ਨਾਲ ਪ੍ਰਸਿੱਧ ਹਨ। ਇਹ ਨਾਂ ਉਹਨਾਂ ਦੇ ਮੁਰਦਿਆਂ ਨੂੰ ਦਫ਼ਨਾਉਣ ਦੇ ਇੱਕ ਖ਼ਾਸ ਰਿਵਾਜ਼ ਕਾਰਨ ਦਿੱਤਾ ਗਿਆ ਹੈ। ਕਿਸੇ ਵਿਸ਼ਾਲ ਪੱਥਰ ਨੂੰ ਮਹਾਪਾਸ਼ਾਣ ਕਿਹਾ ਜਾਂਦਾ ਹੈ। ਇਹ ਲੋਕ ਮੁਰਦਿਆਂ ਨੂੰ ਦਫ਼ਣਾ ਕੇ ਉਹਨਾਂ ਦੇ ਚਾਰੇ ਪਾਸੇ ਵਿਸ਼ਾਲ ਪੱਥਰਾਂ ਦਾ ਇੱਕ ਘੇਰਾ ਬਣਾਉਂਦੇ ਸਨ। ਇਸ ਤਰ੍ਹਾਂ ਇੱਕ ਗੋਲ ਬਾੜਾ ਬਣ ਜਾਂਦਾ ਸੀ। ਇਸ ਤਰ੍ਹਾਂ ਦੀਆਂ ਕਬਰਾਂ ਦੁਨੀਆ ਦੇ ਹੋਰ ਭਾਗਾਂ ਵਿੱਚ ਵੀ ਪ੍ਰਾਪਤ ਹੋਈਆਂ ਹਨ। ਹੋ ਸਕਦਾ ਹੈ ਕਿ ਇਹਨਾਂ ਲੋਕਾਂ ਨੂੰ ਇਹ ਵਿਸ਼ਵਾਸ ਹੋਵੇ ਕਿ ਮਨੁੱਖ ਮਰਨ ਤੋਂ ਬਾਅਦ ਦੂਜੀ ਦੁਨੀਆ ਵਿੱਚ ਚਲੇ ਜਾਂਦੇ ਹਨ ਅਤੇ

ਉਨ੍ਹਾਂ ਨੂੰ ਉੱਥੇ ਵੀ ਆਪਣੀਆਂ ਵਸਤੂਆਂ ਦੀ ਜ਼ਰੂਰਤ ਪੈਂਦੀ ਹੋਵੇਗੀ। ਇਸ ਲਈ ਮਰਨ ਵਾਲਿਆਂ ਦੀਆਂ ਵਸਤੂਆਂ ਜਿਵੇਂ ਭਾਂਡੇ, ਔਜ਼ਾਰ, ਹਥਿਆਰ ਆਦਿ ਉਹਨਾਂ ਦੇ ਨਾਲ ਹੀ ਦਫ਼ਨਾ ਦਿੱਤੇ ਜਾਂਦੇ ਸੀ। ਖ਼ੁਦਾਈ ਰਾਹੀਂ ਪ੍ਰਾਪਤ ਹੋਈਆਂ ਇਹਨਾਂ ਵਸਤੂਆਂ ਦੀ ਖੋਜ ਉਸ ਸਮੇਂ ਦੀ ਸੰਸਕ੍ਰਿਤੀ ਜਾਨਣ ਬਾਰੇ ਸਹਾਇਤਾ ਕਰਦੀ ਹੈ।

ਮਹਾਂਪਾਸ਼ਾਣ ਕਾਲ ਦੇ ਖੰਡਰ ਕਈ ਸਥਾਨਾਂ ਤੋਂ ਮਿਲੇ ਹਨ ਜਿਵੇਂ ਕਿ ਮਹਾਂਰਾਸ਼ਟਰ ਵਿੱਚ ਇਨਾਮਗਾਉ, ਤਕਲਾਘਾਟ, ਮਹੁਰਝੜੀ ਅਤੇ ਦੱਖਣੀ ਭਾਰਤ ਵਿੱਚ ਮਾਸਕੀ ਕੋਪਬਲ ਅਤੇ ਬ੍ਰਹਮਗਿਰੀ। ਇਹ ਲੋਕ ਕਾਲੇ ਅਤੇ ਲਾਲ ਰੰਗ ਦੇ ਮਿੱਟੀ ਦੇ ਬਰਤਨ ਵਰਤਦੇ ਸਨ। ਇਸ ਕਾਰਨ ਇਹਨਾਂ ਨੂੰ **'ਕਾਲੇ ਅਤੇ ਲਾਲ ਬਰਤਨਾਂ'** ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਵਿੱਚ ਕਈ ਤਰ੍ਹਾਂ ਦੇ ਘੜੇ ਅਤੇ ਦੂਜੇ ਬਰਤਨ ਸ਼ਾਮਲ ਹਨ। ਕਈ ਬਰਤਨ ਚੱਕ ਉੱਤੇ ਬਣਾਏ ਜਾਂਦੇ ਸਨ। ਤਾਮਿਲਨਾਡੂ ਵਿੱਚ ਕੁਝ ਵੱਡੇ-ਵੱਡੇ ਘੜਿਆਂ ਵਿੱਚ ਸਵਾਹ ਅਤੇ ਹੱਡੀਆਂ ਭਰੀਆਂ ਹੋਈਆਂ ਪ੍ਰਾਪਤ ਹੋਈਆਂ ਹਨ।

ਲੋਕ ਖੇਤੀਬਾੜੀ ਅਤੇ ਸ਼ਿਕਾਰ ਦੋਵਾਂ ਤਰ੍ਹਾਂ ਦੇ ਕਿੱਤੇ ਕਰਦੇ ਸਨ। ਦਾਤੀ, ਕੁਹਾੜੀ, ਕੁਦਾਲ ਵਰਗੇ ਔਜ਼ਾਰਾਂ ਅਤੇ ਚਾਵਲ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਖੇਤੀ ਦਾ ਕਿੱਤਾ ਕਾਫ਼ੀ ਉੱਨਤ ਸੀ। ਪ੍ਰੰਤੂ ਭਾਲੇ, ਛੁਰੇ, ਤੀਰਾਂ ਦੇ ਨੌਕੀਲੇ ਹਿੱਸੇ ਆਦਿ ਹਥਿਆਰਾਂ ਦੀ ਮਾਤਰਾ ਜ਼ਿਆਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸ਼ਿਕਾਰ ਜ਼ਿਆਦਾ ਲੋਕਪ੍ਰਿਯ ਸੀ।



***ਚਿੱਤਰ 14.5*** *(ੳ) ਮਹਾਪਾਸ਼ਣ ਯੁਗ ਦੇ ਪੱਥਰ ਦੇ ਔਜ਼ਾਰ*

## ਦੱਖਣੀ ਭਾਰਤ :

**ਚੋਲ** : ਚੋਲ ਮੰਡਲ (ਕਰੋਮੰਡਲ) ਚੋਲ ਰਾਜ ਕਵੇਰੀ ਡੈਲਟਾ ਵਿੱਚ ਸਥਿਤ ਸੀ ਅਤੇ ਇਸ ਦੀ ਰਾਜਧਾਨੀ ਉਰਯੁਰ (ਵਰਤਮਾਨ ਤ੍ਰਿਚਨਾਪਲੀ) ਸੀ। ਇੱਕ ਪ੍ਰਸਿੱਧ ਚੋਲ ਰਾਜਾ ਕਾਰੀਕਲ ਨੇ ਗੁਆਂਢੀ ਚੇਰ ਅਤੇ ਪਾਂਡਯ ਰਾਜਾਂ ਉੱਤੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ।

**ਪਾਂਡਯਾ** : ਪਾਂਡਯ ਰਾਜ ਦੀ ਰਾਜਧਾਨੀ ਮਦੁਰਾ ਸੀ। ਪਾਂਡਯ ਰਾਜ ਆਪਣੇ ਮੋਤੀਆਂ ਦੇ ਵਪਾਰ ਲਈ ਪ੍ਰਸਿੱਧ ਸੀ। ਨੇਦੂੰਜਦਾਯਨ ਇੱਕ ਪ੍ਰਸਿੱਧ ਪਾਂਡਯ ਸ਼ਾਸਕ ਮਦੁਰਾ ਵਿਖੇ ਹੋਣ ਵਾਲੀਆਂ ਮਹਾਨ ਸਾਹਿਤਕ ਸਭਾਵਾਂ ਦੇ ਸਰਪਰਸਤਾਂ ਵਿੱਚੋਂ ਸ਼ਾਇਦ ਇੱਕ ਸੀ।

**ਚੇਰ** : ਚੇਰ ਰਾਜ ਜਾਂ ਕੇਰਲਪੁਤਰ ਜਿਸ ਵਿੱਚ ਸਮੁੰਦਰ ਅਤੇ ਪੱਛਮੀ ਘਾਟਾਂ ਵਿਚਕਾਰਲੀ ਜਮੀਨ ਦੀ ਤੰਗ ਪੱਟੀ ਸ਼ਾਮਲ ਸੀ। ਇਸ ਵਿੱਚ ਮਾਲਾਬਾਰ, ਕੋਚੀਨ ਅਤੇ ਵਰਤਮਾਨ ਟਰਾਵਨਕੋਰ ਸ਼ਾਮਲ ਸਨ। ਇਸ ਦੀ ਰਾਜਧਾਨੀ ਵੰਜ਼ੀ ਸੀ। ਪਿਰੁਨਾਰ, ਆਦਨ-ਦੂਜਾ ਅਤੇ ਸੈਨਾਗੁੱਤੇਵਾਲ ਆਦਿ ਮਹਾਨ ਸ਼ਾਸਕ ਸਨ। ਇਹ ਜਾਪਦਾ ਹੈ ਕਿ ਚੇਰ ਰਾਜ ਦੇ ਰੋਮ ਅਤੇ ਮਿਸਰ ਨਾਲ ਪਹਿਲੀ ਸਦੀ ਈਸਵੀ ਤੋਂ ਹੀ ਸੰਬੰਧ ਸਥਾਪਤ ਹੋ ਗਏ ਸਨ।

**ਵਪਾਰ** : ਚੋਲ, ਪਾਂਡਯ, ਚੇਰ ਇਹ ਤਿੰਨੇ ਰਾਜ ਮਿਸਰ, ਅਰਬ, ਰੋਮ ਸਾਮਰਾਜ ਅਤੇ ਪੂਰਵ ਵੱਲ ਮਲਾਇਆ ਅਤੇ ਚੀਨ ਨਾਲ ਵਪਾਰ ਕਰਦੇ ਸਨ। ਟੋਡੀ, ਮੂਜੀਰਿਸ, ਕਵੇਰੀਪਟਨਮ, ਆਰਿਕਮੇਡੂ ਅਤੇ ਕਾਰਕਾਈ ਵਪਾਰਿਕ ਸੈਂਟਰਾਂ ਵਿੱਚੋਂ ਕੁਝ ਸਨ, ਜੋ ਸਮੁੰਦਰੋਂ ਪਾਰ ਵਪਾਰ ਕਰਕੇ ਖੁਸ਼ਹਾਲ ਹੋਏ ਸਨ। ਕੀਮਤੀ ਪੱਥਰ, ਮਸਾਲੇ, ਹਾਥੀ ਦੰਦ, ਮੋਤੀ, ਸਿਲਕ, ਮਲਮਲ, ਵਧੀਆ ਸੂਤੀ ਕੱਪੜਾ, ਪੰਛੀ ਅਤੇ ਪਸੂ ਜਿਵੇਂ ਮੋਰ ਅਤੇ ਬਾਂਦਰ ਬਾਹਰਲੇ ਦੇਸਾਂ ਵਿੱਚ ਭੇਜੇ ਜਾਂਦੇ ਸਨ। ਰੋਮ ਦੇ ਲੋਕ ਸ਼ੁੱਧ ਸੋਨੇ ਨਾਲ ਭਾਰਤੀ ਵਸਤੂਆਂ ਖਰੀਦਦੇ ਸਨ। ਰੋਮ ਦੇ ਸੋਨੇ ਨਾਲ ਦੱਖਣ ਦੇ ਭਾਰਤੀ ਰਾਜ ਬਹੁਤ ਅਮੀਰ ਹੋ ਗਏ ਸਨ।

**ਲੋਕਾਂ ਦਾ ਜੀਵਨ** : ਦੱਖਣੀ ਭਾਰਤ ਦੇ ਜ਼ਿਆਦਾਤਰ ਲੋਕ ਪਿੰਡਾਂ ਵਿੱਚ ਰਹਿੰਦੇ ਸਨ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਕਰਨਾ ਸੀ। ਸ਼ਾਹੀ ਖਾਨਦਾਨ ਅਤੇ ਅਮੀਰ ਲੋਕ ਨਗਰਾਂ ਦੇ ਅੰਦਰੂਨੀ ਭਾਗਾਂ ਵਿੱਚ ਰਹਿੰਦੇ ਸਨ। ਬਹੁਤ ਸਾਰੇ ਵਪਾਰੀ ਅਤੇ ਕਾਰੀਗਰ ਤੱਟਾਂ ਨਾਲ ਲੱਗਦੇ ਨਗਰਾਂ ਵਿੱਚ ਰਹਿੰਦੇ ਸਨ, ਜਿੱਥੇ ਵਪਾਰ ਕਰਨਾ ਸੌਖਾ ਹੁੰਦਾ ਸੀ। ਲੋਕ ਆਪਣੇ ਕਿੱਤਿਆਂ ਅਤੇ ਹੁਨਰਾਂ ਤੇ ਟੈਕਸ ਦਿੰਦੇ ਸਨ। ਸੰਗੀਤ, ਨਾਚ, ਕਵਿਤਾ-ਉਚਾਰਣ ਅਤੇ ਜੂਆ ਆਦਿ ਮੰਨੋਰੰਜਨ ਦੀਆਂ ਕਿਸਮਾਂ ਸਨ। ਬੀਣਾਂ, ਬੰਸਰੀਆਂ, ਤਾਰਾਂ ਦੀ ਤਰੰਗ ਵਾਲੇ ਔਜ਼ਾਰ ਅਤੇ ਢੋਲ ਵਰਗੇ ਸੁਰੀਲੇ ਸੰਗੀਤ ਦੇ ਔਜ਼ਾਰਾਂ ਦੀ ਵਰਤੋਂ ਕੀਤੀ ਜਾਂਦੀ ਸੀ।

**ਧਰਮ :** ਉੱਤਰੀ ਭਾਰਤ ਦੇ ਧਾਰਮਿਕ ਵਿਚਾਰ, ਜਿਵੇਂ ਕਿ ਵੈਦਿਕ ਦੇਵਤਿਆਂ ਦੀ ਪੂਜਾ, ਬੁੱਧ ਮਤ ਅਤੇ ਜੈਨ ਮਤ ਦੇ ਸਿਧਾਂਤ ਦੱਖਣੀ ਲੋਕਾਂ ਵਿੱਚ ਮਸ਼ਹੂਰ ਸਨ। ਫਿਰ ਵੀ ਬਹੁਸੰਖਿਆ ਵਿੱਚ ਲੋਕਾਂ ਨੇ ਆਪਣੇ-ਆਪਣੇ ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਜਾਰੀ ਰੱਖੀ। ਉੱਤਰ ਦਿਸ਼ਾ ਵਿੱਚ ਕਾਰਤਿਕ ਨਾਂ ਨਾਲ ਜਾਣਿਆ ਜਾਂਦਾ ਮੌਰਗਨ, ਦੱਖਣ ਵਿੱਚ ਇੱਕ ਪ੍ਰਸਿੱਧ ਦੇਵਤਾ ਸੀ। ਤੱਟੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦਾ ਇੱਕ ਵੱਡਾ ਹਿੱਸਾ ਵੀ ਸਮੁੰਦਰੀ ਦੇਵਤਿਆਂ ਦੀ ਪੂਜਾ ਕਰਦਾ ਸੀ।

**ਈਸਾਈ ਮਤ :** 100 ਈ. ਵਿੱਚ ਪੱਛਮੀ ਏਸ਼ੀਆ ਵਿੱਚ ਇੱਕ ਨਵਾਂ ਧਰਮ ਈਸਾਈ ਮਤ ਉਤਪੰਨ ਹੋਇਆ, ਜੋ ਭਾਰਤ ਵਿੱਚ ਲਿਆਂਦਾ ਗਿਆ। ਇਸ ਦਾ ਧਰਮ-ਉਪਦੇਸ਼ **ਈਸਾ ਮਸੀਹ** ਦੁਆਰਾ ਦਿੱਤਾ ਗਿਆ। ਇਹ ਮੁੱਢਲੇ ਯਹੂਦੀ ਧਰਮ 'ਤੇ ਅਧਾਰਤ ਸੀ, ਜਿਹੜਾ ਸਿਰਫ਼ ਇੱਕ ਪ੍ਰਮਾਤਮਾ ਦੀ ਪੂਜਾ ਕਰਨ ਦੀ ਸਿੱਖਿਆ ਦਿੰਦਾ ਸੀ। ਈਸਾਈ ਧਰਮ ਦਾ ਸਾਰੇ ਯੂਰਪ ਵਿੱਚ ਬਹੁਤ ਸਾਰੇ ਰੂਪਾਂ ਵਿੱਚ ਪਰਸਾਰ ਹੋਇਆ, ਜਿੱਥੇ ਇਹ ਇੱਕ ਪ੍ਰਸਿੱਧ ਧਰਮ ਬਣ ਗਿਆ। ਭਾਰਤ ਵਿੱਚ ਈਸਾਈ ਧਰਮ ਦਾ ਪਰਸਾਰ ਸਭ ਤੋਂ ਪਹਿਲਾਂ ਮਾਲਾਬਾਰ ਤੱਟ ਅਤੇ ਚੇਨੱਈ (ਮਦਰਾਸ) ਦੇ ਲੋਕਾਂ ਵਿੱਚ ਹੋਇਆ। ਸ਼ਿਲਾਲੇਖ ਪ੍ਰਮਾਣ ਤੋਂ ਪਤਾ ਲੱਗਦਾ ਹੈ ਕਿ 700 ਈ. ਤੋਂ ਕੇਰਲਾ ਵਿੱਚ ਈਸਾਈ-ਭਾਰਤੀ ਭਾਈਚਾਰੇ ਰਹਿੰਦੇ ਸਨ।

## ਉੱਤਰੀ ਭਾਰਤ :

ਪਿੱਛਲੇ ਪਾਠ ਵਿੱਚ ਅਸੀਂ ਸਿਕੰਦਰ ਬਾਰੇ ਪੜ੍ਹਿਆ ਸੀ। ਉਸ ਨੇ 326 ਈ. ਪੂਰਵ ਵਿੱਚ ਭਾਰਤ ਤੋਂ ਵਾਪਸ ਜਾਣ ਸਮੇਂ ਜਿੱਤੇ ਹੋਏ ਖੇਤਰਾਂ ਵਿੱਚ ਗਵਰਨਰ ਨਿਯੁੱਕਤ ਕਰ ਦਿੱਤੇ ਸਨ। ਉਹ ਗਵਰਨਰ ਭਾਰਤ ਅਤੇ ਸਰਹੱਦੀ ਖੇਤਰਾਂ ਵਿੱਚ ਰਾਜ ਕਰਨ ਲੱਗ ਪਏ ਸਨ। ਇਹਨਾਂ ਨੂੰ ਇੰਡੋ-ਗ੍ਰੀਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੌਰੀਆ ਰਾਜ ਦੇ ਪਤਨ ਤੋਂ ਬਾਅਦ ਇਹਨਾਂ ਨੇ ਦੁਬਾਰਾ ਭਾਰਤ ਉੱਤੇ ਅਧਿਕਾਰ ਕਰਨ ਦੀ ਕੋਸ਼ਿਸ਼ ਕੀਤੀ। ਡਿਮਿਟਰੀਅਸ ਇਹਨਾਂ ਵਿੱਚੋਂ ਇੱਕ ਸੀ। ਇੱਕ ਹੋਰ ਪ੍ਰਸਿੱਧ ਯੂਨਾਨੀ ਮੀਨੇਂਦਰ ਸੀ, ਜਿਸ ਨੇ ਪੁਸ਼ਯਮਿੱਤਰ ਸ਼ੁੰਗ ਦੇ ਕਾਲ ਵਿੱਚ ਹਮਲਾ ਕੀਤਾ। ਉਸ ਨੇ ਪੰਜਾਬ (ਸਮੇਤ ਅੱਜ-ਕਲ੍ਹ ਦਾ ਪਾਕਿਸਤਾਨ) ਅਤੇ ਕਸ਼ਮੀਰ ਦੇ ਕੁਝ ਹਿੱਸਿਆਂ ਤੇ ਕਬਜ਼ਾ ਕਰ ਲਿਆ। ਬੁੱਧ ਸਾਹਿਤ ਵਿੱਚ ਇਹ ਸਮਰਾਟ ਮਿਲਿੰਦ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਨੇ ਬੁੱਧ ਧਰਮ ਅਪਣਾ ਲਿਆ ਸੀ।

ਮੱਧ-ਏਸ਼ੀਆ ਤੋਂ ਆਈਆਂ ਜਾਤੀਆਂ ਵਿੱਚ ਸਿਥੀਅਨਜ਼ ਇੱਕ ਕਬੀਲਾ ਸੀ, ਜਿੰਨ੍ਹਾਂ ਨੂੰ ਸ਼ਕ ਵੀ ਕਿਹਾ ਜਾਂਦਾ ਹੈ। ਇਹ ਹਮਲਾਵਰ ਦੇ ਰੂਪ ਵਿੱਚ ਭਾਰਤ ਆਏ ਅਤੇ ਇੱਥੇ ਹੀ ਵਸ ਗਏ। ਸ਼ੁਰੂ ਵਿੱਚ ਸ਼ਕਾਂ ਦੀਆਂ ਬਸਤੀਆਂ ਉੱਤਰ-ਪੱਛਮੀ ਪੰਜਾਬ, ਉੱਤਰ ਪ੍ਰਦੇਸ਼ ਵਿੱਚ ਮਥੁਰਾ ਅਤੇ ਮੱਧ

ਭਾਰਤ ਵਿੱਚ ਸਨ। ਪਰੰਤੂ ਬਾਅਦ ਵਿੱਚ ਪੱਛਮੀ ਭਾਰਤ ਦੇ ਗੁਜਰਾਤ ਅਤੇ ਮੱਧ ਪ੍ਰਦੇਸ਼ ਦਾ ਉਜੈਨ ਦਾ ਖੇਤਰ ਇਹਨਾਂ ਦੀ ਸ਼ਕਤੀ ਦਾ ਕੇਂਦਰ ਬਣ ਗਿਆ। ਰੁਦਰਦਾਮਨ ਪਹਿਲਾ, ਜਿਸਨੇ 200 ਈ. ਵਿੱਚ ਰਾਜ ਕੀਤਾ, ਬਹੁਤ ਮਸ਼ਹੂਰ ਸ਼ਕ ਰਾਜਾ ਸੀ। ਚੌਥੀ ਸਦੀ ਦੇ ਅਖੀਰ ਵਿੱਚ ਗੁਪਤ ਸਮਰਾਟ ਚੰਦਰਗੁਪਤ-II ਵਿਕਰਮਾਦਿੱਤਿਆ ਨੇ ਸ਼ਕਾਂ ਨੂੰ ਜਿੱਤ ਕੇ ਉਹਨਾਂ ਦੇ ਸ਼ਾਸਨ ਦਾ ਅੰਤ ਕਰ ਦਿੱਤਾ।

ਪੱਲਵ ਜਿੰਨਾਂ ਨੂੰ ਅੰਗ੍ਰੇਜ਼ੀ ਵਿੱਚ **ਪਾਰਥਿਅਨ** ਕਹਿੰਦੇ ਹਨ, ਈਰਾਨ ਤੋਂ ਭਾਰਤ ਆਉਣ ਵਾਲਾ ਇੱਕ ਹੋਰ ਵਿਦੇਸ਼ੀ ਕਬੀਲਾ ਸੀ। ਗੋਡੋਫਰਨੀਜ਼ ਇਹਨਾਂ ਦਾ ਇੱਕ ਮਸ਼ਹੂਰ ਰਾਜਾ ਸੀ। ਉਸ ਨੇ ਬਹੁਤ ਸਾਰੇ ਤਾਂਬੇ ਦੇ ਸਿੱਕੇ ਜਾਰੀ ਕੀਤੇ। ਪੱਲਵ ਰਾਜ ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਤੱਕ ਹੀ ਫੈਲਿਆ ਸੀ। ਗੋਡੋਫਰਨੀਜ਼ ਦੀ ਮੌਤ ਦੇ ਬਾਅਦ ਪੱਲਵ ਰਾਜ ਦਾ ਅੰਤ ਹੋ ਗਿਆ ਅਤੇ ਉਹ ਸਮੇਂ ਦੇ ਨਾਲ-ਨਾਲ ਭਾਰਤੀ ਸਮਾਜ ਦਾ ਹਿੱਸਾ ਬਣ ਗਏ।

**ਕੁਸ਼ਾਨ :** ਮੱਧ-ਏਸ਼ੀਆ ਤੋਂ ਆਏ ਸਾਰੇ ਕਬੀਲਿਆਂ ਵਿੱਚੋਂ ਕੁਸ਼ਾਨ ਸਭ ਤੋਂ ਮਹੱਤਵਪੂਰਨ ਸਨ। ਉਹ ਚੀਨ ਦੀ ਸਰਹੱਦ ਉੱਤੇ ਰਹਿਣ ਵਾਲੇ ਸਨ। ਪੱਛਮ ਦਿਸ਼ਾ ਵੱਲ ਯਾਤਰਾ ਕਰਦੇ ਹੋਏ ਉਹ 100 ਈ. ਪੂਰਵ. ਵਿੱਚ ਅਫ਼ਗਾਨਿਸਤਾਨ ਪਹੁੰਚ ਗਏ। ਇਹਨਾਂ ਦੇ ਰਾਜਾ **ਕੁਜੁਲ ਕੈਡਫਿਸਿਜ਼** ਨੇ ਪੰਜਾਬ ਤੇ ਅਧਿਕਾਰ ਕਰ ਲਿਆ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ **ਕਨਿਸ਼ਕ** ਸੀ। ਉਸ ਨੇ 78 ਤੋਂ 102 ਈ. ਤੱਕ ਰਾਜ ਕੀਤਾ। ਉਹ ਇੱਕ ਮਹਾਨ ਜੇਤੂ ਸੀ। ਉਸ ਦਾ ਰਾਜ ਬਿਹਾਰ ਤੱਕ ਫੈਲਿਆ ਹੋਇਆ ਸੀ। ਉਸ ਦੇ ਰਾਜ ਵਿੱਚ ਮੱਧ ਭਾਰਤ, ਗੁਜਰਾਤ, ਸਿੰਧ, ਪੰਜਾਬ, ਅਫ਼ਗਾਨਿਸਤਾਨ ਅਤੇ ਬਲਖ ਸ਼ਾਮਿਲ ਸਨ। ਉਸ ਨੇ ਚੀਨੀ ਸੈਨਾਪਤੀ ਪਾਨ ਚਾਓ ਨਾਲ ਵੀ ਯੁੱਧ ਕੀਤਾ ਸੀ।



***ਚਿੱਤਰ 14.6*** *ਸਿਰ ਦੇ ਬਿਨਾਂ ਕਨਿਸ਼ਕ ਦਾ ਬੁੱਤ*

ਅਸ਼ੋਕ ਦੀ ਤਰ੍ਹਾਂ ਕਨਿਸ਼ਕ ਵੀ ਬੁੱਧ ਧਰਮ ਨੂੰ ਮੰਨਦਾ ਸੀ। ਉਸ ਨੇ ਕਸ਼ਮੀਰ ਵਿੱਚ ਬੁੱਧ ਧਰਮ ਦੇ ਵਿਦਵਾਨਾਂ ਦੀ ਇੱਕ ਸਭਾ ਬੁਲਾਈ ਸੀ, ਜਿਸ ਨੂੰ **ਚੌਥੀ ਬੁੱਧ ਸਭਾ** ਕਿਹਾ ਜਾਂਦਾ ਹੈ। ਉਸ ਨੇ ਬਹੁਤ ਸਾਰੇ ਬੋਧ ਸਤੂਪ ਅਤੇ ਵਿਹਾਰ ਵੀ ਬਣਵਾਏ। ਉਸ ਦੇ ਦਰਬਾਰ ਵਿੱਚ **ਅਸ਼ਵਘੋਸ਼** ਅਤੇ ਹੋਰ ਕਈ ਬੋਧ ਵਿਦਵਾਨ ਰਹਿੰਦੇ ਸਨ। ਉਹ ਕਲਾ ਦਾ ਵੀ ਸਰਪ੍ਰਸਤ ਸੀ। ਉਸ ਦੇ ਸਮੇਂ ਬੁੱਧ ਦੀਆਂ ਬਹੁਤ ਸਾਰੀਆਂ ਸੁੰਦਰ ਮੂਰਤੀਆਂ ਬਣਾਈਆਂ ਗਈਆਂ। ਉੱਤਰ-ਪੱਛਮੀ ਪਾਕਿਸਤਾਨ ਵਿੱਚ ਗੰਧਾਰ ਦਾ ਖੇਤਰ ਬੋਧ ਕਲਾ ਲਈ ਪ੍ਰਸਿੱਧ ਸੀ। ਯੂਨਾਨੀ ਅਤੇ ਭਾਰਤੀ ਮਿਲੀ-ਜੁਲੀ ਇਸ ਕਲਾ ਨੂੰ **ਗੰਧਾਰ ਕਲਾ** ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਮਥੁਰਾ ਵੀ ਕਲਾ ਦਾ ਪ੍ਰਸਿੱਧ ਕੇਂਦਰ ਬਣ ਗਿਆ। ਕੁਸ਼ਾਨ ਕਾਲ ਵਿੱਚ ਇੱਥੇ ਬਹੁਤ ਸੁੰਦਰ ਮੂਰਤੀਆਂ ਬਣਾਈਆਂ ਗਈਆਂ। ਕਨਿਸ਼ਕ ਦੇ ਸਮੇਂ ਬੁੱਧ ਦੀ ਮੂਰਤੀ-ਪੂਜਾ ਸ਼ੁਰੂ ਹੋ ਗਈ ਸੀ। ਕਨਿਸ਼ਕ ਨੇ ਬਹੁਤ ਸਾਰੇ ਸੋਨੇ ਅਤੇ ਤਾਂਬੇ ਦੇ ਸਿੱਕੇ ਵੀ ਜਾਰੀ ਕੀਤੇ। ਉਹ ਇਤਿਹਾਸ ਵਿੱਚ ਇੱਕ ਮਹਾਨ ਸ਼ਾਸਕ ਮੰਨਿਆ ਜਾਂਦਾ ਹੈ।

ਕਨਿਸ਼ਕ ਦੇ ਬਾਅਦ ਵਸ਼ਿਸ਼ਕ, ਹੁਵਿਸ਼ਕ, ਵਾਸੂਦੇਵ ਆਦਿ ਕੁਸ਼ਾਨ ਰਾਜਿਆਂ ਨੇ ਰਾਜ ਕੀਤਾ। ਪਰੰਤੂ ਉਹ ਕਨਿਸ਼ਕ ਵਾਂਗ ਸ਼ਕਤੀਸ਼ਾਲੀ ਨਹੀਂ ਸਨ। ਤੀਜੀ ਸਦੀ ਈ. ਵਿੱਚ ਕੁਸ਼ਾਨ ਰਾਜ ਦਾ ਅੰਤ ਹੋ ਗਿਆ।



**ਚਿੱਤਰ 14.7** *ਗੰਧਾਰ ਵਿਖੇ ਮਹਾਤਮਾ ਬੁੱਧ ਦੀ ਮੂਰਤੀ*

### ਯਾਦ ਰੱਖਣ ਯੋਗ ਨੁਕਤੇ

1. ਪੁਸ਼ਿਆ ਮਿੱਤਰਾ ਨੇ ਮੌਰੀਆ ਵੰਸ਼ ਦੇ ਅਖੀਰਲੇ ਸ਼ਾਸਕ ਦੀ ਹੱਤਿਆ ਕਰਕੇ ਸ਼ੰਗ ਵੰਸ਼ ਦੀ ਨੀਂਹ ਰੱਖੀ।
2. ਗੌਤਮੀ ਪੁਤਰਾ ਸ਼ਾਤਕਰਣੀ ਇਕ ਮਹਾਨ ਸਾਤਵਾਹਨ ਸ਼ਾਸਕ ਸੀ।
3. ਚੋਲ, ਪਾਂਡਯ ਅਤੇ ਚੇਰ ਦੱਖਣੀ ਭਾਰਤ ਦੇ ਤਿੰਨ ਪ੍ਰਸਿੱਧ ਰਾਜ ਸਨ।
4. ਕਨਿਸ਼ਕ ਰਾਜਾ ਕੁਸ਼ਾਨ ਵੰਸ਼ ਦਾ ਪ੍ਰਸਿੱਧ ਰਾਜਾ ਸੀ।

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਸਾਤਵਾਹਨਾਂ ਦੇ ਸ਼ਾਸਨ ਪ੍ਰਬੰਧ ਬਾਰੇ ਲਿਖੋ।

(2) ਪਹਿਲਾ ਮਹਾਨ ਚੋਲ ਸ਼ਾਸਕ ਕੌਣ ਸੀ ?

(3) 200 ਈ. ਪੂਰਵ ਤੋਂ 300 ਈ. ਤੱਕ ਦੱਖਣੀ ਭਾਰਤ ਦੇ ਲੋਕਾਂ ਦੇ ਜੀਵਨ ਬਾਰੇ ਲਿਖੋ।

(4) ਮਹਾਂਪਾਸ਼ਾਣ ਸੰਸਕ੍ਰਿਤੀ ਬਾਰੇ ਤੁਸੀਂ ਕੀ ਜਾਣਦੇ ਹੋ ?

(5) ਮਹਾਂਪਾਸ਼ਾਣ ਸੰਸਕ੍ਰਿਤੀ ਦੇ ਮੁਰਦਿਆਂ ਨੂੰ ਦਫ਼ਨਾਉਣ ਦੇ ਢੰਗ ਬਾਰੇ ਲਿਖੋ ?

(6) ਡਿਮਿਟਰੀਅਸ ਅਤੇ ਮੀਨੇਂਦਰ ਕੌਣ ਸਨ ?

(7) ਸ਼ਕਾਂ (ਸਿਥੀਅਨਜ਼) ਬਾਰੇ ਤੁਸੀਂ ਕੀ ਜਾਣਦੇ ਹੋ ?

(8) ਕਨਿਸ਼ਕ ਤੇ ਇੱਕ ਨੋਟ ਲਿਖੋ ?

**ਬੀਜ ਸ਼ਬਦ :**

ਅਹਾਰਾਸ

ਕਾਲ ਅਤੇ ਲਾਲ

ਬਰਤਨ

ਪਾਰਥੀਅਨ

ਗੰਧਾਰ ਕਲਾ

## II. ਹੇਠ ਲਿਖੇ ਵਾਂਕਾਂ ਵਿੱਚ ਖਾਲੀ ਥਾਵਾਂ ਭਰੋ :

(1) ਗੌਤਮੀ ਪੁੱਤਰ ਸ਼ਾਤਕਰਣੀ ਨੇ ..................... ਤੋਂ ..................... ਈ. ਤੱਕ ਰਾਜ ਕੀਤਾ।

(2) ਸਾਤਵਾਹਨਾਂ ਨੇ ਨਗਰਾਂ ਅਤੇ ਪਿੰਡਾਂ ਨੂੰ ਜੋੜਨ ਲਈ ..................... ਬਣਾਈਆਂ।

(3) ਸਾਤਵਾਹਨ ਰਾਜੇ ..................... ਦੇ ਅਨੁਯਾਈ ਸਨ।

(4) ਪਾਂਡਯ ਰਾਜ ਦੀ ਰਾਜਧਾਨੀ ..................... ਸੀ।

(5) ਪੱਲਵ ਜਿੰਨਾਂ ਨੂੰ ..................... ਕਹਿੰਦੇ ਸਨ।

(6) ਕੁਸ਼ਾਨ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ..................... ਸੀ।

## III. ਕਾਲਮ 'ੳ' ਅਤੇ 'ਅ' ਦਾ ਸਹੀ ਮਿਲਾਨ ਕਰੋ।

| ਕਾਲਮ 'ੳ' | ਕਾਲਮ 'ਅ' |
|---|---|
| ਗੌਤਮੀਪੁੱਤਰ ਸ਼ਾਤਕਰਣੀ ਦਾ ਉੱਤਰਾਧਿਕਾਰੀ | ਯੱਗਸ਼੍ਰੀ ਸ਼ਾਤਕਰਣੀ |
| ਸਾਤਵਾਹਨਾਂ ਦਾ ਅੰਤਿਮ ਮਹਾਨ ਸ਼ਾਸਕ | ਵਸ਼ਿਸ਼ਠੀ ਪੁੱਤਰ ਪੁਲੁਮਾਵਿ |
| ਕਾਲੇ ਅਤੇ ਲਾਲ ਬਰਤਨ | ਘਮਿਆਰਾ ਕੰਮ |
| ਦਾਤਰੀ ਅਤੇ ਕਹੀ | ਕੁਸ਼ਾਨ ਰਾਜਾ |
| ਮੀਨੇਂਦਰ | ਚੀਨੀ ਸੈਨਪਤੀ |
| ਕੁਜੁਲ ਕੈਡਫ਼ਿਸਿਜ਼ | ਹਿੰਦੀ- ਯੂਨਾਨੀ ਹਮਲਾਵਰ |
| ਪਾਨ ਚਾਓ | ਬੋਧੀ ਵਿਦਵਾਨ |
| ਅਸ਼ਵਘੋਸ਼ | ਔਜ਼ਾਰ |

**IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਦੱਕਨ ਵਿੱਚ ਮੌਰੀਆਂ ਦੇ ਪ੍ਰਸਿੱਧ ਉੱਤਰਾਧਿਕਾਰੀ ਸਾਤਵਾਹਨ ਸਨ। ☐

(2) ਗੌਤਮੀਪੁੱਤਰ ਸ਼ਾਤਕਰਣੀ ਨੇ 106 ਈ. ਤੋਂ 131 ਈ. ਤੱਕ ਰਾਜ ਕੀਤਾ। ☐

(3) ਸੰਗੀਤ, ਨਾਚ, ਕਾਵਿ-ਉਚਾਰਣ ਅਤੇ ਜੂਆ ਮੰਨੋਰੰਜਨ ਦੀਆਂ ਪ੍ਰਸਿੱਧ ਕਿਸਮਾਂ ਸਨ। ☐

(4) ਸ਼ਕਾਂ ਨੂੰ ਚੰਦਰ ਗੁਪਤ ਵਿਕਰਮਾਦਿੱਤਿਆ ਨੇ ਨਹੀਂ ਹਰਾਇਆ ਸੀ। ☐

(5) ਗੋਂਡੋਫਰਨੀਜ਼ ਇੱਕ ਸ਼ਕ ਰਾਜਾ ਸੀ। ☐

(6) ਕਨਿਸ਼ਕ ਨੇ ਚੌਥੀ ਬੋਧੀ ਸਭਾ ਬੁਲਾਈ ਸੀ। ☐

(7) ਹੁਵਿਸ਼ਕ ਇੱਕ ਪੱਲਵ ਰਾਜਾ ਸੀ। ☐

ਪਾਠ 15

# ਗੁਪਤ ਸਾਮਰਾਜ


300 ਈ. ਵਿੱਚ ਕੁਸ਼ਾਨਾਂ ਦੇ ਪਤਨ ਦੇ ਨਾਲ ਹੀ ਉੱਤਰੀ ਭਾਰਤ ਕਈ ਛੋਟੇ-ਛੋਟੇ ਸੁਤੰਤਰ ਰਾਜਾਂ ਵਿੱਚ ਵੰਡਿਆ ਗਿਆ। ਇਹਨਾਂ ਵਿੱਚੋਂ ਇੱਕ ਅਜਿਹਾ ਰਾਜ ਪੂਰਬੀ ਉੱਤਰ ਪ੍ਰਦੇਸ਼ ਵਿੱਚ ਗੁਪਤਿਆਂ ਦਾ ਸੀ, ਜਿਹੜਾ ਕਿ ਮਹਾਰਾਜਾ **ਗੁਪਤ** ਨੇ ਸਥਾਪਤ ਕੀਤਾ ਸੀ। ਉਸ ਦਾ ਪੋਤਾ ਚੰਦਰ ਗੁਪਤ ਪਹਿਲਾ, ਇਸ ਵੰਸ਼ ਦਾ ਪਹਿਲਾ ਮਹਾਨ ਰਾਜਾ ਸੀ ਜਿਹੜਾ 319 ਈ. ਵਿੱਚ ਸਿੰਘਾਸਨ ਤੇ ਬੈਠਾ। ਉਸ ਨੇ **ਲਿੱਛਵੀ** ਵੰਸ਼ ਦੀ ਰਾਜਕੁਮਾਰੀ **ਕੁਮਾਰਦੇਵੀ** ਨਾਲ ਵਿਆਹ ਕੀਤਾ ਅਤੇ ਆਪਣੇ ਰਾਜ ਵਿੱਚ ਮਗਧ ਨੂੰ ਮਿਲਾ ਕੇ ਇਸ ਦਾ ਵਿਸਥਾਰ ਕੀਤਾ। ਉਸ ਦਾ ਪੁੱਤਰ ਸਮੁਦਰ ਗੁਪਤ ਇਸ ਵੰਸ਼ ਦਾ ਸਭ ਤੋਂ ਮਹਾਨ ਜੇਤੂ ਸੀ।

## ਸਮੁਦਰ ਗੁਪਤ :

ਸਮੁਦਰ ਗੁਪਤ ਨੂੰ ਉਸ ਦੇ ਪਿਤਾ ਚੰਦਰ ਗੁਪਤ ਨੇ ਗੱਦੀ 'ਤੇ ਬੈਠਣ ਲਈ ਚੁਣਿਆ ਸੀ। ਲਗਪਗ 35 ਸਾਲਾਂ ਦੇ ਆਪਣੇ ਰਾਜਕਾਲ ਵਿੱਚ ਉਸ ਨੇ ਬਹੁਤ ਸਾਰੇ ਰਾਜਿਆਂ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ। ਉਸ ਦੀਆਂ ਸਫ਼ਲਤਾਵਾਂ ਦਾ ਵਰਣਨ ਉਸ ਦੇ ਰਾਜਕਵੀ ਹਰੀਸੇਨ ਨੇ ਇਲਾਹਾਬਾਦ ਵਿਖੇ ਸਤੰਭ-ਲੇਖ ਵਿੱਚ ਕੀਤਾ ਹੈ।



*15.1 ਸਮੁਦਰ ਗੁਪਤ*




**ਚਿੱਤਰ 15.2** *ਗੁਪਤ ਸਾਮਰਾਜ*

ਸਮੁਦਰ ਗੁਪਤ ਨੇ ਉੱਤਰੀ ਭਾਰਤ, ਜਿਸ ਨੂੰ ਅਰਿਆਵਰੱਤ ਕਿਹਾ ਜਾਂਦਾ ਸੀ, ਦੇ ਅੱਠ ਰਾਜਿਆਂ ਨੂੰ ਹਰਾ ਕੇ ਆਪਣੇ ਰਾਜ ਵਿੱਚ ਮਿਲਾ ਲਿਆ। ਉਸ ਨੇ ਦੱਖਣੀ ਭਾਰਤ ਉੱਤੇ ਚੜ੍ਹਾਈ ਕਰਕੇ 12 ਰਾਜਿਆਂ ਨੂੰ ਹਰਾਇਆ। ਪਰੰਤੂ ਉਸ ਦੀ ਅਧੀਨਤਾ ਮੰਨਣ ਤੋਂ ਬਾਅਦ ਉਸ ਨੇ ਉਹਨਾਂ ਦੇ ਰਾਜ ਉਹਨਾਂ ਨੂੰ ਵਾਪਸ ਕਰ ਦਿੱਤੇ। ਹੋਰ ਕਈ ਸਰਹੱਦੀ ਰਾਜਾਂ ਅਤੇ ਗਣਤੰਤਰ ਰਾਜਾਂ ਨੇ ਉਸ ਦੀ ਅਧੀਨਤਾ ਸਵੀਕਾਰ ਕਰ ਲਈ। ਇਹਨਾਂ ਵਿੱਚ ਪੰਜਾਬ ਦੇ ਮਦ੍ਰਕ ਅਤੇ ਪੰਜਾਬ ਅਤੇ ਹਰਿਆਣੇ ਦੇ ਯੌਧੇਅ ਵੀ ਸ਼ਾਮਲ ਸਨ। ਕੁਝ ਵਿਦੇਸ਼ੀ ਤਾਕਤਾਂ ਨੇ ਜਿਵੇਂ ਪੱਛਮੀ ਭਾਰਤ ਦੇ ਸ਼ਕ ਅਤੇ ਗੰਧਾਰ ਦੇ ਕੁਸ਼ਾਣ (ਉੱਤਰ-ਪੱਛਮੀ ਸਰਹੱਦੀ ਪ੍ਰਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਕੁਝ ਹਿੱਸੇ), ਸ਼੍ਰੀਲੰਕਾ ਅਤੇ ਕੁਝ ਹੋਰਨਾਂ ਨੇ ਵੀ ਉਸ ਨਾਲ ਸੰਧੀਆਂ ਕਰਕੇ ਉਸ ਦੀ ਅਧੀਨਤਾ ਸਵੀਕਾਰ ਕਰ ਲਈ।

ਸਮੁਦਰ ਗੁਪਤ ਇਕ ਮਹਾਨ ਯੋਧਾ ਅਤੇ ਸ਼ਾਸਕ ਸੀ। ਉਹ ਇੱਕ ਮਹਾਨ ਕਵੀ ਅਤੇ ਸੰਗੀਤਕਾਰ ਵੀ ਸੀ। ਉਸ ਨੇ ਬਹੁਤ ਸਾਰੇ ਸੋਨੇ ਦੇ ਸਿੱਕੇ ਜਾਰੀ ਕੀਤੇ। ਕੁਝ ਸਿੱਕਿਆਂ 'ਤੇ ਸਮੁਦਰ ਗੁਪਤ ਨੂੰ ਬੈਠ ਕੇ ਵੀਨਾ ਬਜਾਂਦੇ ਹੋਏ ਦਿਖਾਇਆ ਗਿਆ ਹੈ। ਉਸ ਦੇ ਦਰਬਾਰ ਵਿੱਚ ਬਹੁਤ ਸਾਰੇ ਵਿਦਵਾਨ ਅਤੇ ਕਲਾਕਾਰ ਰਹਿੰਦੇ ਸਨ।

*ਵੀਨਾ ਸਿਤਾਰ ਦੀ ਤਰ੍ਹਾਂ ਦਾ ਇੱਕ ਸਾਜ਼ ਹੈ।*

**ਚੰਦਰ ਗੁਪਤ ਦੂਜਾ ਵਿਕਰਮਾਦਿਤਿਆ :**

ਤੁਸੀਂ ਉਜੈਂਨ ਦੇ ਮਸ਼ਹੂਰ ਰਾਜਾ ਵਿਕਰਮਾਦਿਤਿਆ ਅਤੇ ਉਸ ਦੇ ਦਰਬਾਰ ਦੇ ਨੌਂ-ਰਤਨਾਂ ਦੀਆਂ ਕਈ ਕਹਾਣੀਆਂ ਸੁਣੀਆਂ ਹੋਣਗੀਆਂ। ਉਹ ਸਮੁਦਰ ਗੁਪਤ ਦਾ ਪੁੱਤਰ ਚੰਦਰ ਗੁਪਤ ਦੂਜਾ ਹੀ ਸੀ। ਉਸ ਦੇ ਨਾਂ ਨਾਲ ਜੁੜੀਆਂ ਸਾਰੀਆਂ ਕਹਾਣੀਆਂ ਸ਼ਾਇਦ ਸੱਚ ਨਾ ਹੋਣ ਜਾਂ ਉਸ ਦੇ ਆਪਣੇ ਜੀਵਨ ਦੀਆਂ ਨਾ ਹੋਣ, ਪਰੰਤੂ ਇਹਨਾਂ ਤੋਂ ਪਤਾ ਚੱਲਦਾ ਹੈ ਕਿ ਉਹ ਪ੍ਰਾਚੀਨ ਕਾਲ ਦਾ ਇੱਕ ਲੋਕਪ੍ਰਿਯ ਰਾਜਾ ਸੀ। ਉਸ ਨੇ ਲਗਪਗ 380 ਤੋਂ 412 ਈ. ਤੱਕ ਰਾਜ ਕੀਤਾ। ਉਸ ਦੀ ਸਭ ਤੋਂ ਮਹੱਤਵਪੂਰਨ ਜਿੱਤ ਪੱਛਮੀ ਭਾਰਤ ਦੇ ਸ਼ਕਾਂ ਉੱਤੇ ਸੀ। ਇਸ ਜਿੱਤ ਨਾਲ ਭਾਰਤ ਉੱਤੇ ਵਿਦੇਸ਼ੀ ਰਾਜ ਖ਼ਤਮ ਹੋ ਗਿਆ। ਦਿੱਲੀ ਵਿੱਚ ਕੁੱਤਬ ਮੀਨਾਰ ਦੇ ਕੋਲ ਲੱਗਿਆ ਲੋਹੇ ਦਾ ਵਿਸ਼ਾਲ ਸਤੰਭ ਇਸ ਦੁਆਰਾ ਹੀ ਬਣਵਾਇਆ ਗਿਆ ਸੀ। ਇਸ ਸਤੰਭ ਉੱਤੇ ਲਿਖੇ ਲੇਖ ਵਿੱਚ ਚੰਦਰ ਗੁਪਤ ਦੀਆਂ ਸਫ਼ਲਤਾਵਾਂ ਦਾ ਵਰਣਨ ਹੈ। ਇਸ ਲੇਖ ਦੇ ਅਨੁਸਾਰ ਉਸ ਨੇ ਬੰਗਾਲ ਵਿੱਚ ਰਾਜਿਆਂ ਦੇ ਇੱਕ ਗੁੱਟ ਨੂੰ ਹਰਾਇਆ ਸੀ। ਉਸ ਦੀ ਮਸ਼ਹੂਰੀ ਦੱਖਣੀ ਭਾਰਤ ਵਿੱਚ ਫੈਲੀ ਹੋਈ ਸੀ ਅਤੇ ਉਸ ਨੇ ਸਿੰਧ ਨਦੀ ਨੂੰ ਪਾਰ ਕਰਕੇ ਉੱਤਰੀ ਅਫ਼ਗਾਨਿਸਤਾਨ ਵਿੱਚ ਬਲਖ ਦੇ ਖੇਤਰ ਨੂੰ ਜਿੱਤਿਆ ਸੀ। ਹੋ ਸਕਦਾ ਹੈ ਕਿ ਉੱਥੇ ਉਸ ਨੇ ਖੂੰਖਾਰ ਹੂਣ ਕਬੀਲੇ ਨੂੰ ਹਰਾਇਆ ਹੋਵੇ।

ਚੰਦਰ ਗੁਪਤ ਦੂਜੇ ਨੇ ਬਹੁਤ ਮਾਤਰਾ ਵਿੱਚ ਸੋਨੇ, ਚਾਂਦੀ ਅਤੇ ਤਾਂਬੇ ਦੇ ਸਿੱਕੇ ਜਾਰੀ ਕੀਤੇ। ਉਸ ਦੇ ਸੋਨੇ ਦੇ ਸਿੱਕੇ ਬਹੁਤ ਸੋਹਣੇ ਹਨ ਅਤੇ ਉਹਨਾਂ ਤੋਂ ਸਾਨੂੰ ਚੰਦਰ ਗੁਪਤ ਦੀਆਂ ਸਫ਼ਲਤਾਵਾਂ ਅਤੇ ਚਰਿੱਤਰ ਦਾ ਪਤਾ ਲੱਗਦਾ ਹੈ। ਚੰਦਰ ਗੁਪਤ ਭਗਵਾਨ ਵਿਸ਼ਨੂੰ ਦਾ ਭਗਤ ਸੀ ਪਰੰਤੂ ਸਾਰੇ ਧਰਮਾਂ ਦਾ ਆਦਰ ਕਰਦਾ ਸੀ। ਉਸ ਨੇ ਵਿਕਰਮਾਦਿਤਿਆ ਦੀ ਉਪਾਧੀ ਧਾਰਨ ਕੀਤੀ ਸੀ, ਜਿਸਦਾ ਅਰਥ ਹੈ 'ਵੀਰਤਾ ਦਾ ਸੂਰਜ'।

ਸਕੰਦ ਗੁਪਤ, ਚੰਦਰ ਗੁਪਤ ਦੂਜੇ ਦਾ ਪੋਤਾ ਸੀ। ਇਸ ਨੇ 454 ਤੋਂ 467 ਈ. ਤੱਕ ਰਾਜ ਕੀਤਾ। ਇਹ ਵੀ ਇੱਕ ਮਹਾਨ ਰਾਜਾ ਅਤੇ ਜੇਤੂ ਸੀ। ਉਸ ਦੇ ਰਾਜਗੱਦੀ ਤੇ ਬੈਠਣ ਤੋਂ ਛੇਤੀ ਬਾਅਦ ਹੀ ਹੂਣਾਂ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ। ਸਕੰਦ ਗੁਪਤ ਨੇ ਉਹਨਾਂ ਨੂੰ ਹਰਾ ਕੇ ਭਾਰਤ ਤੋਂ ਬਾਹਰ ਕੱਢ ਦਿੱਤਾ। ਪੁਸ਼ਿਆਮਿੱਤਰ ਨਾਂ ਦੀ ਇੱਕ ਹੋਰ ਜਾਤੀ ਨੂੰ ਵੀ ਉਸ ਨੇ ਹਰਾਇਆ। ਸਕੰਦ ਗੁਪਤ ਦੇ ਬਾਅਦ ਗੁਪਤ ਵੰਸ਼ ਦਾ ਪਤਨ ਸ਼ੁਰੂ ਹੋ ਗਿਆ। ਸਕੰਦ ਗੁਪਤ ਦੇ ਬਾਅਦ ਕਈ ਗੁਪਤ ਰਾਜੇ ਹੋਏ। ਪਰੰਤੂ ਉਹ ਜ਼ਿਆਦਾ ਸ਼ਕਤੀਸ਼ਾਲੀ ਨਹੀਂ ਸਨ। ਹੌਲ਼ੀ-ਹੌਲ਼ੀ ਉਨ੍ਹਾਂ ਦੇ ਅਧੀਨ ਬਹੁਤ ਸਾਰੇ ਰਾਜੇ ਅਜ਼ਾਦ ਹੋ ਗਏ। ਇਸ ਦੇ ਨਾਲ ਹੀ ਹੂਣਾਂ ਆਦਿ ਵਿਦੇਸ਼ੀਆਂ ਦੇ ਹਮਲਿਆਂ ਨਾਲ 550 ਈ. ਦੇ ਲਗਪਗ ਉਨ੍ਹਾਂ ਦੇ ਰਾਜ ਦਾ ਅੰਤ ਹੋ ਗਿਆ।

### ਰਾਜ ਪ੍ਰਬੰਧ :

ਗੁਪਤ ਕਾਲ ਵਿੱਚ ਰਾਜੇ ਦਾ ਅਹੁਦਾ ਸਭ ਤੋਂ ਉੱਚਾ ਸੀ। ਉਹ ਮੰਤਰੀਆਂ ਅਤੇ ਹੋਰ ਵੱਡੇ ਅਫ਼ਸਰਾਂ ਦੀ ਸਹਾਇਤਾ ਨਾਲ ਰਾਜ ਪ੍ਰਬੰਧ ਕਰਦਾ ਸੀ। ਸਾਮਰਾਜ ਕਈ ਸੂਬਿਆਂ ਵਿੱਚ ਵੰਡਿਆ ਹੋਇਆ ਸੀ ਜਿੰਨ੍ਹਾਂ ਨੂੰ **ਭੁੱਕਤੀ** ਕਹਿੰਦੇ ਸਨ। ਇਹਨਾਂ ਦਾ ਸ਼ਾਸਨ ਪ੍ਰਬੰਧ ਗਵਰਨਰ ਕਰਦੇ ਸੀ ਜਿੰਨ੍ਹਾਂ ਨੂੰ **ਉਪਰਿਕ ਮਹਾਰਾਜ** ਕਿਹਾ ਜਾਂਦਾ ਸੀ। ਜ਼ਿਲ੍ਹਿਆਂ ਨੂੰ **ਵਿਸ਼ਯ** ਕਹਿੰਦੇ ਸਨ। ਉਹਨਾਂ ਤੋਂ ਹੇਠਾਂ ਸ਼ਹਿਰ ਅਤੇ ਪਿੰਡ ਸਨ। ਸਾਮਰਾਜ ਦੀ ਰਾਜਧਾਨੀ ਪਾਟਲੀਪੁੱਤਰ (ਪਟਨਾ) ਸੀ।

ਵੱਡੇ ਸਰਕਾਰੀ ਅਧਿਕਾਰੀਆਂ ਨੂੰ **ਕੁਮਾਰਾਮਾਤਿਯ** ਕਿਹਾ ਜਾਂਦਾ ਸੀ। ਇਹ ਅੱਜ-ਕਲ੍ਹ ਦੇ ਆਈ.ਏ.ਐਸ. (I.A.S.) ਅਫ਼ਸਰਾਂ ਦੀ ਤਰ੍ਹਾਂ ਹੁੰਦੇ ਸਨ। ਇਹਨਾਂ ਨੂੰ ਕਈ ਮਹੱਤਵਪੂਰਨ ਅਹੁਦੇ ਦਿੱਤੇ ਜਾਂਦੇ ਸਨ, ਜਿਵੇਂ ਕਿ ਵਿਦੇਸ਼ ਮੰਤਰੀ, ਸੈਨਾਪਤੀ, ਗ੍ਰਹਿ ਸਕੱਤਰ ਆਦਿ। ਗੁਪਤ ਸ਼ਾਸਨ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚਲਾਇਆ ਜਾਂਦਾ ਸੀ।

### ਸਮਾਜ :

ਇਸ ਕਾਲ ਵਿੱਚ ਲੋਕ ਖੁਸ਼ਹਾਲ ਅਤੇ ਸੁੱਖੀ ਸਨ। ਇੱਕ ਚੀਨੀ ਯਾਤਰੀ ਫ਼ਾਹੀਯਾਨ, ਜਿਹੜਾ **ਚੰਦਰ ਗੁਪਤ** ਦੂਜੇ ਦੇ ਸਮੇਂ ਭਾਰਤ ਆਇਆ, ਲਿਖਦਾ ਹੈ ਕਿ ਲੋਕ ਸੁੱਖੀ ਅਤੇ ਇਮਾਨਦਾਰ ਸਨ। ਉਸ ਸਮੇਂ ਕਿਸੇ ਤਰ੍ਹਾਂ ਦੇ ਅਪਰਾਧ ਜਾਂ ਚੋਰੀਆਂ ਨਹੀਂ ਹੁੰਦੀਆਂ ਸਨ। ਲੋਕ ਬਾਹਰ ਜਾਣ ਲੱਗਿਆਂ ਘਰਾਂ ਨੂੰ ਤਾਲੇ ਨਹੀਂ ਲਗਾਉਂਦੇ ਸਨ। ਉਸ ਸਮੇਂ ਕਰ ਬਹੁਤ ਘੱਟ ਲਗਾਏ ਜਾਂਦੇ ਸਨ।

ਜ਼ਿਆਦਾਤਰ ਲੋਕ ਮਾਂਸ ਨਹੀਂ ਖਾਂਦੇ ਸਨ। ਜਾਤ ਪ੍ਰਥਾ ਬਹੁਤ ਕਠੋਰ ਹੋ ਗਈ ਸੀ। ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਜਾਤ ਨਹੀਂ ਬਦਲ ਸਕਦਾ ਸੀ।

*ਲੋਕ ਬਾਹਰ ਜਾਣ ਲੱਗੇ ਘਰਾਂ ਨੂੰ ਤਾਲੇ ਕਿਉਂ ਨਹੀਂ ਲਗਾਉਂਦੇ ਸਨ ?*

## ਆਰਥਿਕ ਜੀਵਨ :

ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਲੋਕ ਖੁਸ਼ਹਾਲ ਸਨ ਅਤੇ ਟੈਕਸ ਬਹੁਤ ਘੱਟ ਲਗਾਏ ਜਾਂਦੇ ਸਨ। ਉਸ ਸਮੇਂ ਰੋਜ਼ਾਨਾ ਲੋੜੀਂਦੀਆਂ ਚੀਜ਼ਾਂ ਬਹੁਤ ਸਸਤੀਆਂ ਸਨ। ਇਹਨਾਂ ਨੂੰ ਖਰੀਦਣ ਲਈ ਆਮ ਆਦਮੀ ਕੌਡੀਆਂ ਜਾਂ ਤਾਂਬੇ ਦੇ ਸਿੱਕੇ ਵਰਤਦੇ ਸਨ। ਪਰ ਸਭ ਤੋਂ ਜ਼ਿਆਦਾ ਸੋਨੇ ਦੇ ਸਿੱਕੇ, ਜਿਹਨਾਂ ਨੂੰ ਦੀਨਾਰ ਕਹਿੰਦੇ ਸਨ, ਇਸ ਕਾਲ ਵਿੱਚ ਜਾਰੀ ਕੀਤੇ। ਗੁਪਤ ਕਾਲ ਦੇ ਸੋਨੇ ਦੇ ਸਿੱਕੇ ਸੰਕੇਤ ਕਰਦੇ ਹਨ ਕਿ ਉਸ ਸਮੇਂ ਦੇਸ-ਵਿਦੇਸ਼ ਨਾਲ ਵਪਾਰ ਬਹੁਤ ਉੱਨਤ ਸੀ। ਦੱਖਣੀ-ਪੂਰਬੀ ਏਸ਼ੀਆ ਦੇ ਦੇਸਾਂ, ਜਿਵੇਂ ਕਿ ਮਿਆਂਮਾਰ (ਬਰਮਾ), ਥਾਈਲੈਂਡ, ਮਲੇਸ਼ੀਆ, ਵਿਯਤਨਾਮ, ਇੰਡੋਨੇਸ਼ੀਆ ਆਦਿ ਦੇ ਨਾਲ ਵਪਾਰਿਕ ਅਤੇ ਸੰਸਕ੍ਰਿਤਕ ਸੰਬੰਧ ਵੀ ਸਥਾਪਤ ਸਨ। ਚੀਨ, ਮੱਧ-ਏਸ਼ੀਆ ਅਤੇ ਯੂਰਪ ਦੇ ਦੇਸਾਂ ਨਾਲ ਵੀ ਭਾਰਤ ਦੇ ਵਪਾਰਿਕ ਸੰਬੰਧ ਸਨ।

*ਸੋਨੇ ਦੇ ਸਿੱਕਿਆਂ ਨੂੰ ਕੀ ਕਿਹਾ ਜਾਂਦਾ ਸੀ ?*



**ਚਿੱਤਰ 15.3** *ਗੁਪਤ ਰਾਜਿਆਂ ਦੇ ਸਿੱਕੇ*

ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਇਸ ਦੇ ਇਲਾਵਾ ਪਸ਼ੂ-ਪਾਲਣ, ਉਦਯੋਗਿਕ-ਧੰਦੇ ਅਤੇ ਵਪਾਰ ਵੀ ਮਸ਼ਹੂਰ ਕਿੱਤੇ ਸਨ। ਸੇਠਾਂ (ਬੈਂਕਰਾਂ), ਵਪਾਰੀਆਂ ਅਤੇ ਉਤਪਾਦਕਾਂ ਦੇ ਆਪਣੇ-ਆਪਣੇ ਸੰਘ ਸਨ, ਜਿੰਨ੍ਹਾਂ ਨੂੰ **ਸ਼੍ਰੇਣੀ** ਜਾਂ **ਨਿਗਮ** ਕਿਹਾ ਜਾਂਦਾ ਸੀ। ਉਹ ਆਪਣੇ-ਆਪਣੇ ਕਿੱਤੇ ਦਾ ਸੰਗਠਨ ਕਰਦੇ ਸਨ।

## ਕਲਾ ਅਤੇ ਸਾਹਿਤ :

ਗੁਪਤ ਕਾਲ ਵਿੱਚ ਉੱਚ ਦਰਜੇ ਦੇ ਸਾਹਿਤ ਅਤੇ ਕਲਾ ਦੀ ਰਚਨਾ ਹੋਈ। ਸੰਸਕ੍ਰਿਤ ਦੇ ਪ੍ਰਸਿੱਧ ਕਵੀ **ਕਾਲੀਦਾਸ** ਨੇ ਬਹੁਤ ਸਾਰੇ ਨਾਟਕ ਅਤੇ ਕਵਿਤਾਵਾਂ ਲਿਖੀਆਂ। ਉਹਨਾਂ ਦੁਆਰਾ


ਲਿਖਿਆ ਨਾਟਕ **ਸ਼ਕੁੰਤਲਾ** ਅਤੇ **ਕਾਵਿ ਮੇਘਦੂਤ** ਬਹੁਤ ਮਸ਼ਹੂਰ ਹਨ। ਅਮਰ ਸਿੰਘ, ਸ਼ੂਦਰਕ, ਦਣਿਡਨ ਇਸ ਕਾਲ ਦੇ ਹੋਰ ਪ੍ਰਸਿੱਧ ਵਿਦਵਾਨ ਸੀ।

ਮਥੁਰਾ ਇਸ ਕਾਲ ਵਿੱਚ ਕਲਾ ਦਾ ਇੱਕ ਪ੍ਰਸਿੱਧ ਕੇਂਦਰ ਬਣ ਗਿਆ ਸੀ। ਇੱਥੇ ਬੁੱਧ, ਜੈਨ ਅਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਬਹੁਤ ਸੁੰਦਰ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਵਾਰਾਨਸੀ ਦੇ ਕੋਲ ਸਾਰਨਾਥ ਵੀ ਖ਼ੂਬਸੂਰਤ ਮੂਰਤੀਆਂ ਲਈ ਪ੍ਰਸਿੱਧ ਸੀ।



ਚਿੱਤਰ 15.4 *ਉਦੈਗਿਰੀ (ਮੱਧ ਪ੍ਰਦੇਸ਼) ਵਿਖੇ ਵਿਸ਼ਨੂੰ ਦੀ ਮੂਰਤੀ*


ਇਸ ਸਮੇਂ ਵਿੱਚ ਕਈ ਸੁੰਦਰ ਮੰਦਰ ਵੀ ਬਣਾਏ ਗਏ। ਮੱਧ ਪ੍ਰਦੇਸ਼ ਵਿੱਚ ਦੇਵਗੜ ਅਤੇ ਕਾਨ੍ਹਪੁਰ ਦੇ ਨੇੜੇ ਭੀਤਰੀ ਪਿੰਡ ਦੇ ਮੰਦਰ ਬਹੁਤ ਪ੍ਰਸਿੱਧ ਹਨ। ਮਹਾਰਾਸ਼ਟਰ ਵਿੱਚ ਔਰੰਗਾਬਾਦ ਦੇ ਨੇੜੇ **ਅਜੰਤਾ** ਦੀਆਂ ਗੁਫ਼ਾਵਾਂ ਆਪਣੇ ਸੁੰਦਰ ਭਿੱਤੀ-ਚਿੱਤਰਾਂ ਲਈ ਮਸ਼ਹੂਰ ਹਨ। ਇਹ ਗੁਫ਼ਾਵਾਂ ਇਸੇ ਕਾਲ ਵਿੱਚ ਬਣਾਈਆਂ ਗਈਆਂ ਸਨ। ਗੁਪਤ ਕਾਲ ਦੇ ਰਾਜਿਆਂ ਨੇ ਇਹਨਾਂ ਗੁਫ਼ਾਵਾਂ ਨੂੰ ਬੋਧ ਭਿਖਸ਼ੂਆਂ ਦੇ ਰਹਿਣ ਅਤੇ ਪੂਜਾ ਕਰਨ ਲਈ ਬਣਵਾਇਆ ਸੀ। ਗੁਪਤ ਕਾਲ ਵਿੱਚ ਸਾਂਚੀ ਦੇ ਸਤੂਪ ਦਾ ਪੁਨਰ-ਨਿਰਮਾਣ ਕੀਤਾ ਗਿਆ।



ਚਿੱਤਰ 15.5 *ਖੁਜਰਾਹੋ (ਮੱਧ ਪ੍ਰਦੇਸ਼) ਮੰਦਰ*

## ਵਿਗਿਆਨ ਅਤੇ ਤਕਨੀਕੀ :

ਗੁਪਤ ਰਾਜਿਆਂ ਦੀ ਸਰਪ੍ਰਸਤੀ ਵਿੱਚ ਵਿਗਿਆਨ ਅਤੇ ਤਕਨੀਕੀ ਦੀ ਵੀ ਬਹੁਤ ਉੱਨਤੀ ਹੋਈ। ਪ੍ਰਸਿੱਧ ਵਿਗਿਆਨੀ **ਆਰਿਆਭੱਟ** ਨੇ ਆਪਣੀ ਪੁਸਤਕ **ਆਰਿਆਭੱਟੀਆਮ** ਦੀ ਰਚਨਾ ਕੀਤੀ। ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਪ੍ਰਿਥਵੀ ਸੂਰਜ ਦੇ ਆਲ਼ੇ-ਦੁਆਲ਼ੇ ਚੱਕਰ ਕੱਟਦੀ ਹੈ ਅਤੇ ਸੂਰਜ ਤੇ ਚੰਦਰਮਾ ਦੇ ਗ੍ਰਹਿਣ ਕਿਸ ਪ੍ਰਕਾਰ ਲੱਗਦੇ ਹਨ। ਹਿਸਾਬ ਵਿੱਚ **ਦਸ਼ਮਲਵ** ਦੀ ਵਰਤੋਂ ਦਾ ਇਸ ਸਮੇਂ ਗਿਆਨ ਸੀ। ਇਸ ਕਾਲ ਵਿੱਚ ਗਣਿਤ, ਖਗੋਲ ਸ਼ਾਸਤਰ ਅਤੇ ਵਿਗਿਆਨ ਦੇ ਹੋਰ ਵਿਸ਼ਿਆਂ ਉੱਤੇ ਵੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ।



*ਚਿੱਤਰ 15.6 ਮਹਿਰੌਲੀ ਵਿਖੇ ਲੋਹ ਸਤੰਭ*

ਮਹਿਰੋਲੀ (ਦਿੱਲੀ) ਵਿੱਚ ਕੁੱਤਬਮੀਨਾਰ ਦੇ ਨੇੜੇ ਲੱਗਾ ਹੋਇਆ ਲੋਹੇ ਦਾ ਵਿਸ਼ਾਲ ਸਤੰਭ ਇਸੇ ਕਾਲ ਵਿੱਚ ਬਣਾਇਆ ਗਿਆ ਸੀ। ਇਹ ਸਤੰਭ 23 ਫੁੱਟ ਉੱਚਾ ਅਤੇ 7½ ਟਨ ਵਜ਼ਨ ਦਾ ਹੈ। ਲੋਹੇ ਦੇ ਬਣੇ ਇਸ ਸਤੰਭ ਉੱਤੇ 1600 ਸਾਲ ਬਾਅਦ ਵੀ ਜ਼ੰਗ ਦਾ ਨਿਸ਼ਾਨ ਤੱਕ ਨਹੀਂ ਲੱਗਿਆ। ਇਸੇ ਤਰ੍ਹਾਂ ਬਿਹਾਰ ਦੇ ਸੁਲਤਾਨਗੰਜ਼ ਤੋਂ ਮਹਾਤਮਾ ਬੁੱਧ ਦੀ ਇੱਕ ਕਾਂਸੇ ਦੀ ਮੂਰਤੀ ਮਿਲੀ ਸੀ। ਗੁਪਤ ਕਾਲ ਦੀ ਬਣੀ ਹੋਈ ਇਹ 7½ ਫੁੱਟ ਉੱਚੀ ਮੂਰਤੀ ਅੱਜ-ਕਲ੍ਹ ਇੰਗਲੈਂਡ ਦੇ ਬਰਮਿੰਘਮ ਅਜਾਇਬ ਘਰ ਵਿੱਚ ਰੱਖੀ ਹੋਈ ਹੈ। ਇਹਨਾਂ ਸਾਰੀਆਂ ਗੱਲਾਂ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਗੁਪਤਕਾਲ ਵਿੱਚ ਹਰੇਕ ਖੇਤਰ ਵਿੱਚ ਬਹੁਤ ਉੱਨਤੀ ਹੋਈ। ਇਸ ਕਾਰਨ ਇਸ ਕਾਲ ਨੂੰ ਭਾਰਤ ਦਾ '**ਸੁਨਹਿਰੀ ਯੁੱਗ**' ਕਿਹਾ ਜਾਂਦਾ ਹੈ।

### ਯਾਦ ਰੱਖਣ ਯੋਗ ਨੁਕਤੇ

1. ਸਮੁਦਰ ਗੁਪਤ ਇਕ ਮਹਾਨ ਯੋਧਾ ਅਤੇ ਸ਼ਾਸਕ ਸੀ, ਉਸ ਨੇ ਅਸ਼ਵਮੇਘ ਯੱਗ ਕੀਤਾ। ਉਹ ਇਕ ਮਹਾਨ ਕਵੀ ਅਤੇ ਸੰਗੀਤਕਾਰ ਸੀ। ਉਸ ਨੇ ਬਹੁਤ ਸਾਰੇ ਸੋਨੇ ਦੇ ਸਿੱਕੇ ਜਾਰੀ ਕੀਤੇ।
2. ਚੰਦਰ ਗੁਪਤ ਦੂਜਾ ਇਕ ਪ੍ਰਸਿਧ ਰਾਜਾ ਸੀ। ਉਸ ਨੇ 380 ਤੋਂ 412 ਈ. ਤੱਕ ਰਾਜ ਕੀਤਾ। ਉਸ ਨੇ ਵਿਕਰਮਾਦਿਤਿਆ ਦੀ ਉਪਾਧੀ ਧਾਰਨ ਕੀਤੀ। ਉਸ ਨੇ ਪੱਛਮੀ ਭਾਰਤ ਦੇ ਸ਼ਕਾਂ ਉਤੇ ਜਿੱਤ ਪ੍ਰਾਪਤ ਕੀਤੀ।
3. ਚੰਦਰ ਗੁਪਤ ਭਗਵਾਨ ਵਿਸ਼ਨੂੰ ਦਾ ਭਗਤ ਸੀ। ਪਰੰਤੂ ਉਹ ਸਾਰੇ ਧਰਮਾਂ ਦਾ ਆਦਰ ਕਰਦਾ ਸੀ।
4. ਗੁਪਤ ਕਾਲ ਵਿੱਚ ਸਾਹਿਤ, ਕਲਾ, ਵਿਗਿਆਨ ਅਤੇ ਭਵਨ ਉਸਾਰੀ ਦਾ ਬਹੁਤ ਵਿਕਾਸ ਹੋਇਆ।

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਸਮੁੰਦਰ ਗੁਪਤ ਦੀਆਂ ਜਿੱਤਾਂ ਦਾ ਵਰਣਨ ਕਰੋ।

(2) ਚੰਦਰ ਗੁਪਤ ਵਿਕਰਮਾਦਿਤਿਆ ਬਾਰੇ ਤੁਸੀਂ ਕੀ ਜਾਣਦੇ ਹੋ ?

(3) ਕਾਲੀਦਾਸ ਬਾਰੇ ਇੱਕ ਨੋਟ ਲਿਖੋ।

(4) ਗੁਪਤ ਕਾਲ ਦੇ ਆਰਥਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ?

(5) ਗੁਪਤ ਕਾਲ ਨੂੰ ਭਾਰਤ ਦਾ '**ਸੁਨਹਿਰੀ ਯੁੱਗ**' ਕਿਉਂ ਕਹਿੰਦੇ ਹਨ ?

**ਬੀਜ ਸ਼ਬਦ :**

ਭੁੱਕਤੀ
ਉਪਰਿਕ ਮਹਾਰਾਜ
ਵਿਸ਼ਯ
ਕੁਮਾਰ ਮਾਤਯਾ
ਦਸ਼ਮਲਵ
ਸ਼੍ਰੇਣੀ
ਨਿਗਮ

## II. ਹੇਠ ਲਿਖੇ ਵਾਂਕਾਂ ਵਿੱਚ ਖਾਲੀ ਥਾਵਾਂ ਭਰੋ :

(1) ਸਮੁਦਰ ਗੁਪਤ ਇਕ .................... ਅਤੇ .................... ਸੀ।

(2) ਚੰਦਰ ਗੁਪਤ ਦੂਜੇ ਨੇ ਬਹੁਤ ਮਾਤਰਾ ਵਿਚ ...................., .................... ਅਤੇ .................... ਦੇ ਸਿੱਕੇ ਜਾਰੀ ਕੀਤੇ।

(3) ਗੁਪਤ ਸਾਮਰਾਜ ਕਈ ਸੂਬਿਆਂ ਵਿਚ ਵੰਡਿਆ ਹੋਇਆ ਸੀ, ਜਿੰਨਾਂ ਨੂੰ ............. ਕਹਿੰਦੇ ਸਨ।

(4) ਜ਼ਿਲਿਆਂ ਨੂੰ .................... ਕਹਿੰਦੇ ਸਨ।

(5) ਕਾਲੀਦਾਸ ਦੁਆਰਾ ਲਿੱਖਿਆ ਨਾਟਕ ............. ਅਤੇ ਕਾਵਿ ............. ਬਹੁਤ ਪ੍ਰਸਿੱਧ ਹਨ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਆਰੀਆਵਰੱਤ | (ੳ) ਪੰਜਾਬ |
| (2) ਮਦ੍ਰਕ | (ਅ) ਉੱਤਰੀ ਭਾਰਤ |
| (3) ਲੋਹ-ਸਤੰਭ | (ੲ) ਇੱਕ ਅਫ਼ਸਰ |
| (4) ਕੁਮਾਰਮਾਤਯ | (ਸ) ਦਿੱਲੀ |

**IV. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਮਹਾਰਾਜਾ ਗੁਪਤ ਗੁਪਤ ਵੰਸ਼ ਦਾ ਪਹਿਲਾ ਰਾਜਾ ਸੀ। ☐

(2) ਵਿਕਰਮਾਦਿਤਿਆ ਸਮੁਦਰ ਗੁਪਤ ਦੀ ਉਪਾਧੀ ਸੀ। ☐

(3) ਯੌਧੇਅ ਦੱਖਣੀ ਭਾਰਤ 'ਤੇ ਰਾਜ ਕਰਦੇ ਸਨ। ☐

(4) ਫ਼ਾਹਿਯਾਨ ਯੂਨਾਨੀ ਲੇਖਕ ਸੀ। ☐

(5) ਗੁਪਤ ਰਾਜਿਆਂ ਨੇ ਸੋਨੇ ਦੇ ਸਿੱਕੇ ਜਾਰੀ ਕੀਤੇ। ☐

(6) ਆਰੀਆਭੱਟ ਇੱਕ ਪ੍ਰਸਿੱਧ ਵਿਗਿਆਨੀ ਸੀ। ☐

## ਗਤੀਵਿਧੀ

1. ਭਾਰਤ ਦੇ ਨਕਸ਼ੇ 'ਤੇ ਗੁਪਤ ਸਾਮਰਾਜ ਦੀ ਸੀਮਾ ਦਿਖਾਓ।
2. ਗੁਪਤ ਕਾਲ ਦੀਆਂ ਕਲਾ-ਕਿਰਤਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ ਅਤੇ ਆਪਣੀ ਸਕ੍ਰੈਪਬੁੱਕ ਵਿੱਚ ਚਿਪਕਾਓ।

ਪਾਠ 16

# ਹਰਸ਼ਵਰਧਨ ਕਾਲ (600 ਤੋਂ 650 ਈ.)

550 ਈ. ਵਿੱਚ ਗੁਪਤ ਸਾਮਰਾਜ ਦੇ ਪਤਨ ਤੋਂ ਬਾਅਦ ਉੱਤਰੀ ਭਾਰਤ ਕਈ ਛੋਟੇ-ਛੋਟੇ ਸੁਤੰਤਰ ਰਾਜਾਂ ਵਿੱਚ ਵੰਡਿਆ ਗਿਆ। ਕੰਨੌਜ ਦੇ ਮੌਖਰੀ, ਮਗਧ ਦੇ ਪਰਵਰਤੀ (ਉੱਤਰਕਾਲੀਨ) ਗੁਪਤ, ਗੁਜਰਾਤ ਦੇ ਮੈਤਰਕ ਅਤੇ ਬੰਗਾਲ ਦਾ ਸ਼ਸ਼ਾਂਕ ਇਹਨਾਂ ਵਿੱਚੋਂ ਕੁਝ ਸਨ। ਇਹਨਾਂ ਵਿੱਚੋਂ ਇੱਕ ਮਹੱਤਵਪੂਰਨ ਵੰਸ਼ ਪੁਸ਼ਿਆਭੂਤੀ ਸੀ, ਜਿਸ ਨੇ ਅੱਜ-ਕਲ੍ਹ ਦੇ ਹਰਿਆਣੇ ਦੇ ਕੁਰੂਕਸ਼ੇਤਰ ਇਲਾਕੇ ਵਿੱਚ ਆਪਣਾ ਰਾਜ ਸ਼ੁਰੂ ਕੀਤਾ ਸੀ। ਇਹਨਾਂ ਦੀ ਰਾਜਧਾਨੀ **ਸਥਾਨੇਸ਼ਵਰ** (ਵਰਤਮਾਨ ਥਾਨੇਸਰ) ਸੀ।

## ਹਰਸ਼ਵਰਧਨ :

ਪੁਸ਼ਿਆਭੂਤੀ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਹਰਸ਼ਵਰਧਨ ਸੀ। ਉਹ ਅਪਣੇ ਵੱਡੇ ਭਰਾ ਦੀ ਅਚਾਨਕ ਹੋਈ ਮੌਤ ਤੋਂ ਬਾਅਦ 606 ਈ. ਵਿੱਚ ਰਾਜਗੱਦੀ ਤੇ ਬੈਠਾ। ਹਰਸ਼ਵਰਧਨ ਦੇ ਵੱਡੇ ਭਰਾ ਰਾਜਵਰਧਨ ਅਤੇ ਜੀਜੇ ਗ੍ਰਹਿਵਰਮਨ, ਜੋ ਕਿ ਮੌਖਰੀ ਵੰਸ਼ ਦਾ ਰਾਜਾ ਸੀ, ਨੂੰ ਬੰਗਾਲ ਦੇ ਰਾਜਾ ਸ਼ਸ਼ਾਂਕ ਨੇ ਮਾਲਵੇ ਦੇ ਰਾਜੇ ਨਾਲ ਮਿਲ ਕੇ ਮਾਰ ਦਿੱਤਾ ਸੀ।



*16.1 ਹਰਸ਼ਵਰਧਨ*




***ਚਿੱਤਰ 16.2*** *ਹਰਸ਼ ਸਾਮਰਾਜ*

ਹਰਸ਼ਵਰਧਨ ਨੇ ਰਾਜਗੱਦੀ ਤੇ ਬੈਠਣ ਤੋਂ ਬਾਅਦ ਆਪਣੀ ਰਾਜਧਾਨੀ ਕੰਨੌਜ ਬਣਾ ਲਈ। ਉਹ ਦੋਨਾਂ ਰਾਜਾਂ (ਮੌਖਰੀ ਅਤੇ ਪੁਸ਼ਿਆਭੂਤੀ) ਦਾ ਸਮਰਾਟ ਬਣ ਗਿਆ। ਉਸ ਨੇ ਆਪਣੇ ਭਰਾ ਅਤੇ ਜੀਜੇ ਦੀ ਮੌਤ ਦਾ ਬਦਲਾ ਲੈਣ ਦੀ ਕਸਮ ਚੁੱਕੀ ਅਤੇ ਕੁਝ ਸਾਲਾਂ ਬਾਅਦ ਸ਼ਸ਼ਾਂਕ ਨੂੰ ਮਾਰ ਕੇ ਬੰਗਾਲ ਉੱਤੇ ਜਿੱਤ ਪ੍ਰਾਪਤ ਕਰ ਲਈ। ਉਹ ਹੋਰ ਵੀ ਬਹੁਤ ਸਾਰੇ ਖੇਤਰ ਜਿੱਤਕੇ ਉੱਤਰੀ ਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਰਾਜਾ ਬਣ ਗਿਆ। ਉਸ ਨੇ ਦੱਖਣੀ ਭਾਰਤ ਦੇ ਚਾਲੂਕਿਆ ਵੰਸ਼ ਦੇ ਰਾਜਾ ਪੁਲਕੇਸ਼ਿਨ ਦੂਜੇ ਤੇ ਵੀ ਹਮਲਾ ਕੀਤਾ। ਪਰੰਤੂ ਇਸ ਯੁੱਧ ਵਿੱਚ ਉਸ ਨੂੰ ਜਿੱਤ ਪ੍ਰਾਪਤ ਨਹੀਂ ਹੋਈ।

ਹਰਸ਼ਵਰਧਨ ਦੀਆਂ ਸਫ਼ਲਤਾਵਾਂ ਦਾ ਵਰਣਨ ਉਸ ਦੇ ਦਰਬਾਰੀ ਕਵੀ **ਬਾਣਭੱਟ** ਨੇ **ਹਰਸ਼ਚਰਿਤ** ਨਾਮ ਦੀ ਪੁਸਤਕ ਵਿੱਚ ਕੀਤਾ ਹੈ। ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਹਰਸ਼ ਦੇ ਸਮੇਂ ਭਾਰਤ ਆਇਆ ਅਤੇ ਉਸ ਦੇ ਦਰਬਾਰ ਵਿੱਚ ਸ਼ਾਹੀ ਮਹਿਮਾਨ ਬਣ ਕੇ ਰਿਹਾ। ਹਰਸ਼ਵਰਧਨ ਆਪ ਵੀ ਉਚਕੋਟੀ ਦਾ ਵਿਦਵਾਨ ਸੀ। ਇਸ ਨੂੰ ਸੰਸਕ੍ਰਿਤ ਦੇ ਤਿੰਨ ਨਾਟਕਾਂ— **ਪ੍ਰਿਯਾਦਰਸ਼ਿਕਾ, ਰਤਨਾਵਲੀ** ਅਤੇ **ਨਾਗਾਨੰਦ** ਦਾ ਲੇਖਕ ਮੰਨਿਆ ਜਾਂਦਾ ਹੈ। ਹਰਸ਼ਵਰਧਨ ਸ਼ੈਵ ਧਰਮ ਨੂੰ ਮੰਨਦਾ ਸੀ। ਪਰੰਤੂ ਉਹ ਬਾਕੀ ਧਰਮਾਂ ਦਾ ਵੀ ਆਦਰ ਕਰਦਾ ਸੀ। ਬੁੱਧ ਧਰਮ ਵਿੱਚ ਉਸਨੂੰ ਵਿਸ਼ੇਸ਼ ਸ਼ਰਧਾ ਸੀ। ਉਸ ਨੇ ਹਿਊਨਸਾਂਗ ਦੀ ਪ੍ਰਧਾਨਗੀ ਵਿੱਚ ਕੰਨੌਜ ਵਿੱਚ ਬੋਧ-ਸਭਾ ਕੀਤੀ ਸੀ। ਪ੍ਰਯਾਗ (ਇਲਾਹਾਬਾਦ) ਵਿੱਚ ਵੀ ਉਹ ਹਰ ਪੰਜ ਸਾਲਾਂ ਬਾਅਦ ਸਭਾਵਾਂ ਕਰਦਾ ਸੀ। ਕਿਹਾ ਜਾਂਦਾ ਹੈ ਕਿ ਇੱਕ ਅਜਿਹੀ ਸਭਾ ਵਿੱਚ ਉਸ ਨੇ ਆਪਣਾ ਸਾਰਾ ਧਨ ਦਾਨ ਕਰ ਦਿੱਤਾ ਸੀ। ਲਗਪਗ 647 ਈ. ਵਿੱਚ ਹਰਸ਼ਵਰਧਨ ਦੀ ਮੌਤ ਹੋ ਗਈ ਅਤੇ ਇਸ ਦੇ ਨਾਲ ਹੀ ਪੁਸ਼ਿਆਭੂਤੀ ਵੰਸ਼ ਦਾ ਅੰਤ ਹੋ ਗਿਆ।

*ਬਾਣਭੱਟ ਦਾ **ਹਰਸ਼ ਚਾਰਿੱਤ** ਅਤੇ ਇੱਕ ਚੀਨੀ ਯਾਤਰੀ ਹਿਊਨਸਾਂਗ ਦਾ ਬਿਰਤਾਂਤ, ਹਰਸ਼ਕਾਲ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਪ੍ਰਸਿੱਧ ਸ੍ਰੋਤ ਹਨ।*

### ਸ਼ਾਸਨ ਪ੍ਰਬੰਧ :

ਸ਼ਾਸਨ ਪ੍ਰਬੰਧ ਗੁਪਤ ਕਾਲ ਦੀ ਤਰ੍ਹਾਂ ਹੀ ਚੱਲਦਾ ਰਿਹਾ, ਜਿਸ ਬਾਰੇ ਤੁਸੀਂ ਪਿਛਲੇ ਪਾਠ ਵਿੱਚ ਪੜ੍ਹਿਆ ਹੈ। **ਕੁਮਾਰਾਮਾਤਯ** ਮਹੱਤਵਪੂਰਨ ਅਫ਼ਸਰ ਬਣੇ ਰਹੇ। ਇਹਨਾਂ ਦੇ ਇਲਾਵਾ ਮੰਤਰੀ, ਦੂਤ, ਆਯੁਕੱਤ ਅਤੇ ਸੈਨਾਪਤੀ ਦਾ ਵਰਣਨ ਵੀ ਮਿਲਦਾ ਹੈ। ਉਸ ਸਮੇਂ ਸਭ ਲੋਕਾਂ ਨੂੰ ਨਿਆਂ ਮਿਲਦਾ ਸੀ ਅਤੇ ਕਰ ਬਹੁਤ ਘੱਟ ਲਗਾਏ ਜਾਂਦੇ ਸਨ।

### ਸਮਾਜਿਕ ਅਤੇ ਆਰਥਿਕ ਜੀਵਨ :

ਬਾਣਭੱਟ ਅਤੇ ਹਿਊਨਸਾਂਗ ਦੇ ਲੇਖਾਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਲੋਕਾਂ ਦਾ ਮੁੱਖ ਕਿੱਤਾ

ਖੇਤੀਬਾੜੀ ਸੀ। ਇਸਦੇ ਇਲਾਵਾ ਪਸ਼ੂ ਵੀ ਪਾਲੇ ਜਾਂਦੇ ਸਨ। ਵਪਾਰੀ ਅਤੇ ਸ਼ਿੱਲਪਕਾਰ ਜ਼ਿਆਦਾਤਰ ਨਗਰਾਂ ਵਿੱਚ ਰਹਿੰਦੇ ਸਨ। ਲੋਕ ਨਿਯਮ ਅਨੁਸਾਰ ਸਰਕਾਰ ਨੂੰ ਕਰ ਦਿੰਦੇ ਸਨ। ਕਰ ਧੰਨ ਅਤੇ ਵਸਤੂਆਂ ਦੋਨਾਂ ਰੂਪਾਂ ਵਿੱਚ ਦਿੱਤੇ ਜਾ ਸਕਦੇ ਸਨ।

ਲੋਕ ਸ਼ਾਂਤੀ ਅਤੇ ਸਾਦਗੀ ਦਾ ਜੀਵਨ ਬਤੀਤ ਕਰਦੇ ਸਨ। ਪਰੰਤੂ ਕਨੂੰਨਾਂ ਦੀ ਹਾਲਤ ਗੁਪਤ ਕਾਲ ਵਰਗੀ ਚੰਗੀ ਨਹੀਂ ਸੀ। ਜਾਤ-ਪ੍ਰਥਾ ਕਠੋਰ ਹੋ ਗਈ ਸੀ। ਜ਼ਿਆਦਾਤਰ ਲੋਕ ਸ਼ਾਕਾਹਾਰੀ ਸਨ। ਸਾਰੇ ਧਰਮਾਂ ਦੇ ਲੋਕ ਆਪਸ ਵਿੱਚ ਪਿਆਰ ਨਾਲ ਰਹਿੰਦੇ ਸਨ ਅਤੇ ਇੱਕ ਦੂਜੇ ਦਾ ਆਦਰ ਕਰਦੇ ਸਨ। ਬਿਹਾਰ ਵਿੱਚ **ਨਾਲੰਦਾ** ਇਸ ਸਮੇਂ ਪ੍ਰਸਿੱਧ ਵਿਸ਼ਵਵਿਦਿਆਲਾ ਸੀ। ਇਹ ਗਿਆਨ ਪ੍ਰਾਪਤੀ ਦਾ ਮਹਾਨ ਕੇਂਦਰ ਸੀ, ਜਿੱਥੇ ਦੇਸ-ਵਿਦੇਸ਼ ਤੋਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਆਉਂਦੇ ਸਨ। ਹਿਊਨਸਾਂਗ ਨੇ ਵੀ ਕੁਝ ਸਮੇਂ ਤੱਕ ਇੱਥੇ ਸਿੱਖਿਆ ਪ੍ਰਾਪਤ ਕੀਤੀ ਸੀ। ਹਰਸ਼ਵਰਧਨ ਨੇ ਲਗਪਗ 200 ਪਿੰਡਾਂ ਦੀ ਆਮਦਨ ਇਸ ਵਿਸ਼ਵਵਿਦਿਆਲਾ ਨੂੰ ਦਾਨ ਕੀਤੀ ਸੀ।



*ਚਿੱਤਰ 16.3 ਨਾਲੰਦਾ (ਬਿਹਾਰ) ਵਿਸ਼ਵਵਿਦਿਆਲੇ ਦੇ ਖੰਡਰ*

ਹਰਸ਼ਵਰਧਨ ਦੀ ਮੌਤ ਤੋਂ ਬਾਅਦ ਉੱਤਰੀ ਭਾਰਤ ਫ਼ੇਰ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਗਿਆ।

### ਯਾਦ ਰੱਖਣ ਯੋਗ ਨੁਕਤੇ

1. ਪੁਸ਼ਿਆਭੂਤੀ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਹਰਸ਼ਵਰਧਨ ਸੀ। ਉਸ ਨੇ ਕਨੌਜ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਸ਼ਸ਼ਾਕ ਰਾਜੇ ਨੂੰ ਮਾਰ ਕੇ ਬੰਗਾਲ ਉਤੇ ਜਿੱਤ ਪ੍ਰਾਪਤ ਕੀਤੀ। ਉਹ ਦੱਖਣੀ ਭਾਰਤ ਦੇ ਚਾਲੂਕਿਆ ਵੰਸ਼ ਦੇ ਰਾਜਾ ਪੁਲਕੇਸ਼ਿਨ ਦੂਜੇ ਤੋਂ ਹਾਰ ਗਿਆ।

2. ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਹਰਸ਼ਵਰਧਨ ਦੇ ਸਮੇਂ ਭਾਰਤ ਵਿਚ ਆਇਆ ਅਤੇ ਉਸ ਦੇ ਦਰਬਾਰ ਵਿਚ ਸ਼ਾਹੀ ਮਹਿਮਾਨ ਬਣਕੇ ਰਿਹਾ।
3. ਹਰਸ਼ਵਰਧਨ ਨੇ ਕਾਨੌਜ ਅਤੇ ਪ੍ਰਯਾਗ ਵਿਚ ਦੋ ਸਭਾਵਾਂ ਕੀਤੀਆਂ ਅਤੇ ਧਾਰਮਿਕ ਵਿਅਕਤੀਆਂ ਨੂੰ ਦਾਨ ਦਿੱਤਾ।
4. ਲਗਪਗ 647 ਈ. ਵਿਚ ਹਰਸ਼ਵਰਧਨ ਦੀ ਮੌਤ ਹੋ ਗਈ ਅਤੇ ਇਸ ਦੇ ਨਾਲ ਹੀ ਪੁਸ਼ਿਆਭੂਤੀ ਵੰਸ਼ ਦਾ ਅੰਤ ਹੋ ਗਿਆ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਹਿਊਨਸਾਂਗ ਬਾਰੇ ਤੁਸੀਂ ਕੀ ਜਾਣਦੇ ਹੋ ?

(2) ਹਰਸ਼ਵਰਧਨ ਬਾਰੇ ਇੱਕ ਨੋਟ ਲਿਖੋ।

(3) ਇਸ ਕਾਲ ਦੇ ਸਮਾਜ ਬਾਰੇ ਤੁਸੀਂ ਕੀ ਜਾਣਦੇ ਹੋ ?

(4) ਹਰਸ਼ਵਰਧਨ ਦੇ ਰਾਜ-ਪ੍ਰਬੰਧ ਬਾਰੇ ਲਿਖੋ।

### II. ਹੇਠ ਲਿਖੇ ਵਾਂਕਾਂ ਵਿੱਚ ਖਾਲੀ ਥਾਵਾਂ ਭਰੋ :

(1) ਹਰਸ਼ਵਰਧਨ ਨੇ ...................... ਨੂੰ ਆਪਣੀ ਰਾਜਧਾਨੀ ਬਣਾਇਆ।

(2) ਪ੍ਰਸਿੱਧ ਚੀਨੀ ਯਾਤਰੀ ...................... ਹਰਸ਼ਵਰਧਨ ਦੇ ਸਮੇਂ ਭਾਰਤ ਵਿਚ ਆਇਆ।

(3) ਹਰਸ਼ਵਰਧਨ ਦੀਆਂ ਸਫ਼ਲਤਾਵਾਂ ਦਾ ਵਰਨਣ ਉਸ ਦੇ ਦਰਬਾਰੀ ਕਵੀ ਨੇ ...................... ਨਾਮ ਦੀ ਪੁਸਤਕ ਵਿਚ ਕੀਤਾ ਹੈ।

(4) ਹਰਸ਼ਵਰਧਨ ...................... ਧਰਮ ਨੂੰ ਮੰਨਦਾ ਸੀ।

(5) ਹਰਸ਼ਵਰਧਨ ਨੇ ਲਗਪਗ ...................... ਪਿੰਡਾਂ ਦੀ ਆਮਦਨ ਨਾਲੰਦਾ ਵਿਸ਼ਵ ਵਿਦਿਆਲਾ ਨੂੰ ਦਾਨ ਕੀਤੀ ਸੀ।

### III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਪੁਸ਼ਿਆਭੂਤੀ | (ੳ) ਲੇਖਕ |
| (2) ਹਿਊਨਸਾਂਗ | (ਅ) ਕੁਰੂਕਸ਼ੇਤਰ |
| (3) ਬਾਣਭੱਟ | (ੲ) ਚੀਨੀ ਯਾਤਰੀ |
| (4) ਦੂਤ | (ਸ) ਸੰਦੇਸ਼ ਲਿਜਾਣ ਵਾਲਾ |

**IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਹਰਸ਼ਵਰਧਨ 606 ਈ. ਵਿੱਚ ਰਾਜਗੱਦੀ ਤੇ ਬੈਠਿਆ। ☐

(2) ਪੁਲਕੇਸ਼ਿਨ ਦੂਜਾ ਬਿਹਾਰ ਦਾ ਰਾਜਾ ਸੀ। ☐

(3) ਲੋਕ (ਪ੍ਰਜਾ) ਰਾਜਾ ਨੂੰ ਕੋਈ ਕਰ ਨਹੀਂ ਦਿੰਦੇ ਸਨ। ☐

(4) ਜ਼ਿਆਦਾਤਰ ਲੋਕ ਸ਼ਾਕਾਹਾਰੀ ਸਨ। ☐

(5) ਰਾਜਵਰਧਨ ਹਰਸ਼ਵਰਧਨ ਦਾ ਪਿਤਾ ਸੀ। ☐

## ਗਤੀਵਿਧੀ

ਭਾਰਤ ਦੇ ਨਕਸ਼ੇ ਤੇ ਥਾਨੇਸਰ, ਕੰਨੌਜ, ਨਾਲੰਦਾ, ਵੈਤਾਂਪੀ ਅਤੇ ਅਲੋਰਾ ਦਰਸਾਓ।

ਪਾਠ 17

# ਚਾਲੂਕਿਆ ਅਤੇ ਪੱਲਵ

## ਚਾਲੂਕਿਆ ਵੰਸ਼ :

ਛੇਵੀਂ ਸਦੀ ਈ. ਵਿੱਚ ਦੱਖਣ ਵਿੱਚ ਸ਼ਕਤੀ ਚਾਲੂਕਿਆ ਵੰਸ਼ ਦੇ ਹੱਥ ਵਿੱਚ ਆ ਗਈ। ਇਸ ਵੰਸ਼ ਦੇ **ਪੁਲਕੇਸ਼ਿਨ ਪਹਿਲਾ** ਅਤੇ **ਕੀਰਤੀਵਰਮਨ** ਪ੍ਰਸਿੱਧ ਰਾਜੇ ਸਨ। ਕਰਨਾਟਕ ਦੇ ਬੀਜਾਪੁਰ




*ਚਿੱਤਰ 17.1 ਕੀਰਤੀਵਰਮਨ*

ਜ਼ਿਲ੍ਹੇ ਵਿੱਚ ਵਤਾਪੀ (ਅੱਜਕਲ੍ਹ ਦੀ ਬਦਾਮੀ) ਇਹਨਾਂ ਦੀ ਰਾਜਧਾਨੀ ਸੀ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ **ਪੁਲਕੇਸ਼ਿਨ ਦੂਜਾ** ਸੀ। ਉਸ ਨੇ ਦੱਖਣੀ ਭਾਰਤ ਦੇ ਬਹੁਤ ਸਾਰੇ ਖੇਤਰਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ ਤਾਮਿਲਨਾਡੂ ਦੇ ਪੱਲਵਾਂ ਨੂੰ ਹਰਾਇਆ। ਅਸੀਂ ਪਿੱਛਲੇ ਪਾਠ ਵਿੱਚ ਪੜ੍ਹਿਆ ਸੀ ਕਿ ਹਰਸ਼ਵਰਧਨ ਵੀ ਉਸ ਨੂੰ ਜਿੱਤ ਨਹੀਂ ਸਕਿਆ ਸੀ। 641 ਈ. ਵਿੱਚ ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਉਸ ਦੇ ਰਾਜ ਵਿੱਚ ਆਇਆ ਸੀ। ਉਸ ਨੇ ਪੁਲਕੇਸ਼ਿਨ ਦੂਜੇ ਦੇ ਚਰਿੱਤਰ ਅਤੇ ਸ਼ਕਤੀ ਦੀ ਪ੍ਰਸ਼ੰਸਾ ਕੀਤੀ ਹੈ। ਅਜੰਤਾ ਦੀਆਂ ਗੁਫ਼ਾਵਾਂ ਦੇ ਇੱਕ ਚਿੱਤਰ ਵਿੱਚ ਪੁਲਕੇਸ਼ਿਨ ਨੂੰ ਈਰਾਨ ਦੇ ਰਾਜਦੂਤਾਂ ਦਾ ਆਪਣੇ ਦਰਬਾਰ ਵਿੱਚ ਸਵਾਗਤ ਕਰਦੇ ਹੋਏ ਦਿਖਾਇਆ ਗਇਆ ਹੈ। ਪੱਲਵ ਸਮਰਾਟ **ਨਰਸਿੰਘਵਰਮਨ ਪਹਿਲੇ** ਤੋਂ ਹਾਰਨ ਪਿੱਛੋ 642 ਈ. ਵਿੱਚ ਪੁਲਕੇਸ਼ਿਨ ਦੀ ਮੌਤ ਹੋ ਗਈ। 800 ਈ. ਦੇ ਮੱਧ ਵਿੱਚ ਰਾਸ਼ਟਰਕੂਟਾਂ ਤੋਂ ਹਾਰਨ ਤੋਂ ਬਾਅਦ ਚਾਲੂਕਿਆ ਵੰਸ਼ ਦਾ ਅੰਤ ਹੋ ਗਿਆ।

*ਹਿਊਨਸਾਂਗ ਚੀਨੀ ਯਾਤਰੀ ਦੱਖਣੀ ਭਾਰਤ ਵਿੱਚ **ਪੁਲਕੇਸ਼ਿਨ ਦੂਜੇ** ਦੇ ਰਾਜਕਾਲ ਸਮੇਂ ਆਇਆ। ਉਸ ਸਮੇਂ ਉਸ ਦਾ ਰਾਜ ਆਪਣੀ ਚਰਮ ਸੀਮਾਂ ਤੇ ਸੀ। ਉਸ ਨੇ ਚਾਲੂਕਿਆ ਰਾਜ ਦੇ ਜੀਵਨ, ਸ਼ਾਸਨ ਪ੍ਰਬੰਧ, ਆਰਥਿਕ ਅਤੇ ਧਾਰਮਿਕ ਸਥਿਤੀ ਬਾਰੇ ਇੱਕ ਕੀਮਤੀ ਬਿਰਤਾਂਤ ਲਿਖਿਆ।*

### ਕਲਾ ਅਤੇ ਧਰਮ :

ਚਾਲੂਕਿਆ ਰਾਜੇ ਕਲਾ ਦੇ ਮਹਾਨ ਸਰਪ੍ਰਸਤ ਸਨ। ਇਹਨਾਂ ਨੇ ਏਹੋਲ, ਵਤਾਪੀ ਅਤੇ ਪਟੱਦਕਲ ਵਿੱਚ ਕਈ ਪ੍ਰਸਿੱਧ ਮੰਦਰ ਬਣਵਾਏ। ਵੀਰੂਪਾਕੱਸ਼ ਅਤੇ ਪੰਪਨਾਥ ਦੇ ਮੰਦਰ ਬਹੁਤ ਪ੍ਰਸਿੱਧ ਹਨ। ਇਹਨਾਂ ਦੇ ਮੰਦਰ ਹਿੰਦੂ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਪੂਜਾ ਲਈ ਸਨ। ਇਹਨਾਂ ਮੰਦਰਾਂ ਦੀਆਂ ਕੰਧਾਂ ’ਤੇ ਰਾਮਾਇਣ ਦੇ ਦ੍ਰਿਸ਼ ਬੜੇ ਸੋਹਣੇ ਢੰਗ ਨਾਲ ਦਿਖਾਏ ਗਏ ਹਨ। ਇਹਨਾਂ ਨੇ ਬਦਾਮੀ ਵਿੱਚ ਗੁਫ਼ਾ-ਮੰਦਰ ਵੀ ਬਣਵਾਏ ਸਨ, ਜਿਹੜੇ ਕਿ ਕਲਾਪੂਰਨ ਮੂਰਤੀਆਂ ਲਈ ਪ੍ਰਸਿੱਧ ਹਨ। ਚਾਲੂਕਿਆ ਸ਼ਾਸਕਾਂ ਨੇ ਜੈਨ ਧਰਮ ਨੂੰ ਸਰਪ੍ਰਸਤੀ ਦਿੱਤੀ ਅਤੇ ਕਈ ਜੈਨ ਮੁੰਨੀਆਂ ਨੂੰ ਦਾਨ ਵੀ ਦਿੱਤਾ।


ਨਰਮਦਾ
ਤਾਪਤੀ
ਮਹਾਂਨਦੀ
ਪ.ਚਾਲੂਕਿਆ
ਰਾਸ਼ਟਰਕੂਟ
ਕਿਲਆਣੀ
ਗੋਦਾਵਰੀ
ਮਾਨਖੇਤ
ਕ੍ਰਿਸ਼ਨਾ
ਪੂ.ਚਾਲੂਕਿਆ
ਤੁੰਗਭਦਰਾ
ਉ.ਪੇਂਨਾ ਰ
ਨੇਲੌਰ
ਪੱਲਵ
ਤਾਲਗੁੰਡਾ
ਕੋਲਾਰ
ਮਨੇ
ਕਾਂਚੀ
ਮਹਾਂਬਲੀਪੁਰਮ
ਦ.ਪੇਂਨਾ ਰ
ਚੋਲ
ਕਾਵੇਰੀ
ਸ਼੍ਰੀਪੁਰਮਵਿਆਮ
ਤੰਜੋਰ
ਸਿਤਾਨਵਸਲ
ਮਦੁਰੈ
ਵੇਗੀ
ਪਾਂਡਯਾ
ਅਨੁਰਾਧਾਪੁਰ
ਦੱਖਣੀ ਭਾਰਤ
320–800 ਈ.
ਤਾਮ੍ਰਪਰਣੀ
(ਸ਼੍ਰੀਲੰਕਾ)
ਹਿੰਦ ਮਹਾਸਾਗਰ

*ਚਿੱਤਰ 17.4*



*ਚਿੱਤਰ 17.5 ਪੱਟਦਕਲ ਵਿਖੇ ਵੀਰੂਪਾਕੱਸ਼ ਦਾ ਮੰਦਰ*

## ਪੱਲਵ ਵੰਸ਼ :

ਪੱਲਵਾਂ ਨੇ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਕਈ ਹਿੱਸਿਆਂ ਤੇ ਰਾਜ ਕੀਤਾ। ਇਹਨਾਂ ਦੀ ਰਾਜਧਾਨੀ ਤਾਮਿਲਨਾਡੂ ਵਿੱਚ ਚੇਨੱਈ ਦੇ ਕੋਲ **ਕਾਂਚੀਪੁਰਮ** ਸੀ। ਗੁਪਤ ਸਮਰਾਟ ਸਮੁਦਰ ਗੁਪਤ ਨੇ ਇਹਨਾਂ ਦੇ ਰਾਜਾ ਵਿਸ਼ਨੂੰ ਗੋਪਵਰਮਨ ਨੂੰ ਹਰਾਇਆ ਸੀ। ਛੇਵੀਂ ਸਦੀ ਦੇ ਅੰਤ ਵਿੱਚ **ਸਿੰਘਵਰਮਨ** ਨੇ ਇੱਕ ਨਵੇਂ ਪੱਲਵ ਵੰਸ਼ ਦੀ ਨੀਂਹ ਰੱਖੀ। ਹੁਣ ਪੱਲਵ ਬਹੁਤ ਸ਼ਕਤੀਸ਼ਾਲੀ ਹੋ ਗਏ। ਸਿੰਘਵਰਮਨ ਦਾ ਪੁੱਤਰ **ਮਹਿੰਦਰ ਵਰਮਨ ਪਹਿਲਾ** ਵੀ ਇੱਕ ਸ਼ਕਤੀਸ਼ਾਲੀ ਰਾਜਾ ਸੀ। ਉਹ ਚਾਲੂਕਿਆ ਰਾਜਾ ਪੁਲਕੇਸ਼ਿਨ ਨਾਲ ਲੰਬੇ ਸਮੇਂ ਤੱਕ ਲੜਾਈ ਕਰਦਾ ਰਿਹਾ। ਉਹ ਚਿੱਤਰਕਲਾ ਅਤੇ ਨਾਚ-ਗਾਣੇ ਦਾ ਬਹੁਤ ਸ਼ੌਕੀਨ ਸੀ। ਉਸ ਦਾ ਪੁੱਤਰ **ਨਰਸਿੰਘਵਰਮਨ ਪਹਿਲਾ** ਵੀ ਇੱਕ ਸ਼ਕਤੀਸ਼ਾਲੀ ਰਾਜਾ ਸੀ। ਉਸ ਨੇ ਚਾਲੂਕਿਆਂ ਨੂੰ ਹਰਾ ਕੇ ਆਪਣੇ ਪਿਤਾ ਦੀ ਹਾਰ ਦਾ ਬਦਲਾ ਲਿਆ। ਉਸ ਨੇ ਸ਼੍ਰੀ ਲੰਕਾ ਤੇ ਵੀ ਦੋ ਵਾਰ ਹਮਲੇ ਕੀਤੇ ਅਤੇ ਸਫ਼ਲ ਰਿਹਾ। ਨੌਵੀਂ ਸਦੀ ਵਿੱਚ ਚੋਲ ਰਾਜਿਆਂ ਨੇ ਪੱਲਵਾਂ ਨੂੰ ਹਰਾ ਕੇ ਇਸ ਵੰਸ਼ ਦਾ ਅੰਤ ਕਰ ਦਿੱਤਾ।

*ਕਾਂਚੀ ਦੇ ਪੱਲਵਾਂ ਦਾ ਯੁਗ ਭਾਰਤ ਦੇ ਰਾਜਨੀਤਿਕ ਅਤੇ ਸਭਿਆਚਾਰਕ ਇਤਿਹਾਸ ਵਿੱਚ ਯਾਦ ਰੱਖਣ ਯੋਗ ਹੈ। ਉਨ੍ਹਾਂ ਨੇ ਇੱਕ ਮਹਾਨ ਸਾਮਰਾਜ ਸਥਾਪਤ ਕੀਤਾ।*

## ਕਲਾ ਅਤੇ ਧਰਮ :

ਪੱਲਵ ਰਾਜੇ ਮੂਰਤੀ ਕਲਾ ਅਤੇ ਭਵਨ-ਨਿਰਮਾਣ ਕਲਾ ਦੇ ਪ੍ਰੇਮੀ ਅਤੇ ਸਰਪ੍ਰਸਤ ਸਨ। ਇਹਨਾਂ ਨੇ ਮਹਾਂਬਲੀਪੁਰਮ ਵਿੱਚ ਸਮੁੰਦਰ ਦੇ ਕੰਢੇ ਕਈ ਗੁਫ਼ਾ-ਮੰਦਰਾਂ ਦਾ ਨਿਰਮਾਣ ਕਰਵਾਇਆ। ਇਹਨਾਂ ਵਿੱਚੋਂ ਕੁਝ ਮੰਦਰਾਂ ਨੂੰ ਰੱਥਾਂ ਦੇ ਨਾਂ ਨਾਲ ਪੁਕਾਰਦੇ ਹਨ 'ਤੇ ਜਿੰਨ੍ਹਾਂ ਦੇ ਨਾਮ ਮਹਾਭਾਰਤ ਦੇ ਪਾਂਡਵਾਂ

ਦੇ ਨਾਮਾਂ ਤੇ ਰੱਖੇ ਗਏ ਹਨ। ਮਹਾਂਬਲੀਪੁਰਮ ਵਿੱਚ ਹੀ ਪੱਲਵਾਂ ਦਾ ਇੱਕ ਹੋਰ ਸਮੁੰਦਰ ਦੇ ਕੰਢੇ ਤੇ ਬਣਿਆ ਮੰਦਰ ਵੀ ਬੜਾ ਪ੍ਰਸਿੱਧ ਹੈ। ਇਹਨਾਂ ਨੇ ਆਪਣੀ ਰਾਜਧਾਨੀ ਕਾਂਚੀ ਵਿੱਚ **ਕੈਲਾਸ਼ਨਾਥ** ਨਾਮ ਦਾ ਇੱਕ ਪ੍ਰਸਿੱਧ ਮੰਦਰ ਬਣਵਾਇਆ ਸੀ। ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਤੋਂ ਇਲਾਵਾ ਇਹਨਾਂ ਮੰਦਰਾਂ ਵਿੱਚ ਪੱਲਵ ਰਾਜੇ, ਰਾਣੀਆਂ ਦੀਆਂ ਮੂਰਤੀਆਂ ਵੀ ਲਗਾਈਆਂ ਗਈਆਂ ਸਨ।

ਪੱਲਵ ਰਾਜੇ ਮੁੱਖ ਤੌਰ ਤੇ ਜੈਨ ਅਤੇ ਸ਼ੈਵ ਧਰਮ ਨੂੰ ਮੰਨਦੇ ਸਨ। ਪਰੰਤੂ ਉਹ ਬਾਕੀ ਧਰਮਾਂ ਬਾਰੇ ਵੀ ਸਹਿਨਸ਼ੀਲ ਸਨ। ਹਿਊਨਸਾਂਗ ਨੇ 642 ਈ. ਵਿੱਚ ਕਾਂਚੀ ਦੀ ਯਾਤਰਾ ਕੀਤੀ ਸੀ। ਉਹ ਲਿਖਦਾ ਹੈ ਕਿ ਇੱਥੇ ਬੁੱਧ, ਜੈਨ ਅਤੇ ਹਿੰਦੂ ਧਰਮ ਨਾਲ-ਨਾਲ ਪ੍ਰਫੁਲਤ ਹੋ ਰਹੇ ਸਨ। ਕਾਂਚੀ ਸਿੱਖਿਆ ਦਾ ਵੀ ਇੱਕ ਮਹਾਨ ਕੇਂਦਰ ਸੀ। ਇੱਥੇ ਕਈ ਵਿਦਵਾਨ ਰਹਿੰਦੇ ਸਨ। ਇਸ ਸਮੇਂ ਦੋ ਮਹੱਤਵਪੂਰਨ ਪੁਸਤਕਾਂ—**ਮਣੀਮੇਖਲਾਈ** ਅਤੇ **ਸ਼ਿੱਲਪਾਦਿਕਰਮ** ਲਿਖੀਆਂ ਗਈਆਂ ਸਨ। ਇੱਥੇ ਮੰਦਰ ਕੇਵਲ ਪੂਜਾ ਲਈ ਹੀ ਨਹੀਂ ਸਨ। ਇਹਨਾਂ ਵਿੱਚ ਸਮਾਜਿਕ-ਉਤਸਵ ਅਤੇ ਸਿੱਖਿਆ ਦੇਣ ਦੇ ਕੰਮ ਵੀ ਹੁੰਦੇ ਸਨ। ਪੱਲਵ ਰਾਜਿਆਂ ਨੇ ਵਿਦਵਾਨਾਂ ਨੂੰ ਸਰਪ੍ਰਸਤੀ ਦਿੱਤੀ ਅਤੇ ਸੰਗੀਤ, ਨਾਚ ਅਤੇ ਚਿੱਤਰਕਲਾ ਦੀ ਵੀ ਸਰਪ੍ਰਸਤੀ ਕੀਤੀ।



*ਚਿੱਤਰ 17.6 ਸਮੁੰਦਰ ਕੰਢੇ ਮਹਾਂਬਲੀਪੁਰਮ (ਤਾਮਿਲਨਾਡੂ) ਦਾ ਮੰਦਰ*

## ਯਾਦ ਰੱਖਣ ਯੋਗ ਨੁਕਤੇ

1. ਪੁਲਕੇਸ਼ਿਨ ਦੂਜਾ ਅਤੇ ਕੀਰਤੀਵਰਮਨ ਚਾਲੂਕਿਆ ਵੰਸ਼ ਦੇ ਪ੍ਰਸਿੱਧ ਸ਼ਾਸਕ ਸਨ।
2. ਚਾਲੂਕਿਆ ਸ਼ਾਸਕਾਂ ਨੇ ਜੈਨ ਧਰਮ ਨੂੰ ਸਰਪ੍ਰਸਤੀ ਦਿੱਤੀ।
3. ਚਾਲੂਕਿਆ ਸ਼ਾਸਕਾਂ ਤੇ ਏਹੋਲ, ਵਤਾਪੀ ਅਤੇ ਪੱਟਦਕਲ ਵਿਚ ਕਈ ਪ੍ਰਸਿੱਧ ਮੰਦਰ ਬਣਾਏ।
4. ਸਿੰਘ ਵਰਮਨ ਨੇ ਛੇਵੀਂ ਸਦੀ ਵਿਚ ਪੱਲਵ ਵੰਸ਼ ਦੀ ਨੀਂਹ ਰੱਖੀ।
5. ਹਿਉਨਸਾਂਗ ਨੇ 642 ਈ. ਵਿੱਚ ਕਾਂਚੀ ਦੀ ਯਾਤਰਾ ਕੀਤੀ।
6. ਪੱਲਵ ਰਾਜਿਆਂ ਨੇ ਵਿਦਵਾਨਾਂ, ਸੰਗੀਤ, ਨਾਚ ਅਤੇ ਚਿੱਤਰਕਲਾ ਦੀ ਸਰਪ੍ਰਸਤੀ ਕੀਤੀ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਦੱਖਣੀ ਭਾਰਤ ਦੇ ਚਾਲੂਕਿਆਂ ਬਾਰੇ ਤੁਸੀਂ ਕੀ ਜਾਣਦੇ ਹੋ ?

(2) ਚਾਲੂਕਿਆ ਮੰਦਰਾਂ ਬਾਰੇ ਇੱਕ ਨੋਟ ਲਿਖੋ।

(3) ਪੱਲਵਾਂ ਦੇ ਬਾਰੇ ਤੁਸੀਂ ਕੀ ਜਾਣਦੇ ਹੋ ?

(4) ਪੱਲਵਾਂ ਦੀ ਮੂਰਤੀ ਕਲਾ ਅਤੇ ਭਵਨ-ਨਿਰਮਾਣ ਕਲਾ ਬਾਰੇ ਲਿਖੋ।

### II. ਹੇਠ ਲਿਖੇ ਵਾਂਕਾਂ ਵਿੱਚ ਖਾਲੀ ਥਾਵਾਂ ਭਰੋ :

(1) ਚਾਲੂਕਿਆ ਵੰਸ਼ ਦੇ .................... ਅਤੇ .................... ਪ੍ਰਸਿੱਧ ਰਾਜੇ ਸਨ।

(2) ਚਾਲੂਕਿਆਂ ਰਾਜੇ .................... ਦੇ ਮਹਾਨ ਸਰਪ੍ਰਸਤ ਸਨ।

(3) .................... ਨੇ ਪੱਲਵ ਵੰਸ਼ ਦੀ ਨੀਂਹ ਰੱਖੀ।

(4) ਪੱਲਵਾਂ ਦੀ ਰਾਜਧਾਨੀ ਤਾਮਿਲਨਾਡੂ ਵਿਚ ਚੇਨੱਈ ਦੇ ਕੋਲ .................... ਸੀ।

(5) ਪੱਲਵ .................... ਅਤੇ .................... ਕਲਾ ਦੇ ਪ੍ਰੇਮੀ ਅਤੇ ਸਰਪ੍ਰਸਤ ਸਨ।

(6) ਪੱਲਵ ਰਾਜੇ ਮੁਖ ਤੌਰ ਤੇ .................... ਅਤੇ .................... ਧਰਮ ਨੂੰ ਮੰਨਦੇ ਸਨ।

### III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਈਰਾਨੀ ਰਾਜਦੂਤ | (ੳ) ਚਾਲੂਕਿਆ ਮੰਦਰ |
| (2) ਵੀਰੂਪਾਕੱਸ਼ | (ਅ) ਪੁਲਕੇਸ਼ਿਨ ਦੂਜਾ |
| (3) ਮਹਾਂਬਲੀਪੁਰਮ | (ੲ) ਪਲੱਵ ਰਾਜਾ |
| (4) ਮਹਿੰਦਰਵਰਮਨ | (ਸ) ਰਥ ਮੰਦਰ |

**IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਪੁਲਕੇਸ਼ਿਨ ਦੂਜੇ ਦਾ ਹਰਸ਼ਵਰਧਨ ਨਾਲ ਯੁੱਧ ਹੋਇਆ। ☐

(2) ਏਹੋਲ ਅਤੇ ਪਟੱਦਕਲ ਸਮੁੰਦਰ ਤਟ ਲਈ ਮਸ਼ਹੂਰ ਹਨ। ☐

(3) ਕਾਂਚੀਪੁਰਮ ਚਾਲੂਕਿਆਂ ਦੀ ਰਾਜਧਾਨੀ ਸੀ। ☐

(4) ਕੈਲਾਸ਼ਨਾਥ ਮੰਦਰ ਪੱਲਵਾਂ ਨੇ ਬਣਵਾਇਆ ਸੀ। ☐

## ਗਤੀਵਿਧੀ

ਦੱਖਣੀ ਭਾਰਤ ਦੇ ਪ੍ਰਸਿੱਧ ਪੱਥਰ-ਕੱਟ ਮੰਦਰਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ।

ਪਾਠ 18

# ਭਾਰਤ ਅਤੇ ਸੰਸਾਰ

ਪੁਰਾਤਨ ਸਮੇਂ ਤੋਂ ਹੀ ਭਾਰਤ ਦੇ ਵਿਦੇਸ਼ਾਂ ਨਾਲ ਸੰਬੰਧ ਸਨ। ਸੰਸਕ੍ਰਿਤਿਕ ਅਤੇ ਵਪਾਰਿਕ ਸੰਬੰਧ ਹੀ ਸਥਾਪਿਤ ਹੋ ਚੁੱਕੇ ਸਨ। ਸਾਨੂੰ ਪੁਰਾਤੱਤਵਿਕ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਦੇ ਸਮੇਂ ਲੋਕਾਂ ਦੇ ਮੈਸੋਪੋਟਾਮੀਆ, ਮਿਸਰ ਅਤੇ ਹੋਰ ਦੇਸਾਂ ਨਾਲ ਵਪਾਰਕ ਸੰਬੰਧ ਸਨ। 400 ਈ. ਪੂਰਵ ਵਿੱਚ ਸਿਕੰਦਰ ਦੇ ਹਮਲੇ ਤੋਂ ਬਾਅਦ ਯੂਰਪ ਨਾਲ ਸੰਬੰਧ ਹੋਰ ਵੱਧ ਗਏ। ਭਾਰਤ ਤੋਂ ਐਸ਼-ਅਰਾਮ ਦੀਆਂ ਵਸਤੂਆਂ ਜਿਵੇਂ ਵਧੀਆਂ ਕਿਸਮ ਦੇ ਕੱਪੜੇ, ਗਹਿਣੇ, ਨੱਕਾਸ਼ੀਦਾਰ ਚੀਜ਼ਾਂ, ਹੀਰੇ-ਜਵਾਹਰਾਤ, ਇੱਤਰ, ਮਲਮਲ, ਹਾਥੀਦੰਦ ਦੀਆਂ ਵਸਤਾਂ ਅਤੇ ਗਰਮ ਮਸਾਲਿਆਂ ਦੀ ਪੱਛਮੀ ਦੇਸਾਂ ਵਿੱਚ, ਵਿਸ਼ੇਸ਼ ਕਰਕੇ ਯੂਨਾਨ ਅਤੇ ਰੋਮ ਵਿੱਚ ਬੜੀ ਮੰਗ ਸੀ। ਇਹ ਵਸਤਾਂ ਨਿਯਮ ਅਨੁਸਾਰ ਭਾਰਤ ਤੋਂ ਬਾਹਰਲੇ ਦੇਸਾਂ ਵਿੱਚ ਭੇਜੀਆਂ ਜਾਂਦੀਆਂ ਸਨ।

ਸਾਤਵਾਹਨਾਂ ਦੇ ਸਮੇਂ ਦੂਜੀ ਸਦੀ ਈ. ਪੂਰਵ ਤੋਂ ਰੋਮ ਅਤੇ ਦੱਖਣੀ ਭਾਰਤ ਵਿੱਚ ਸਮੁੰਦਰੀ ਮਾਰਗ ਰਾਹੀਂ ਵਪਾਰ ਹੁੰਦਾ ਸੀ। ਭਾਰਤ ਦੇ ਸਮੁੰਦਰੀ ਤੱਟ ਦੇ ਨਾਲ-ਨਾਲ ਬਹੁਤ ਸਾਰੀਆਂ ਮਹੱਤਵਪੂਰਨ ਬੰਦਰਗਾਹਾਂ ਸਨ। ਕਾਵੇਰੀਪੱਟਨਮ, ਮਹਾਂਬਲੀਪੁਰਮ, ਪੁਹਾਰ, ਕੋਰਕਈ, ਆਦਿ ਦੱਖਣ ਵਿੱਚ ਅਤੇ ਸ਼ੂਰਪਾਰਕ ਅਤੇ ਭ੍ਰਗੁਕੱਛ ਪੱਛਮੀ ਤੱਟ ਉੱਤੇ ਸਥਿਤ ਸਨ। ਭਾਰਤੀ ਵਸਤਾਂ ਦੇ ਇਲਾਵਾ ਚੀਨ ਅਤੇ ਦੱਖਣੀ-ਪੂਰਬੀ ਏਸ਼ੀਆ ਤੋਂ ਮੰਗਵਾਈਆਂ ਜਾਂਦੀਆਂ ਵਸਤਾਂ ਜਿਵੇਂ ਕਿ ਰੇਸ਼ਮੀ ਕੱਪੜਾ ਵੀ ਇੱਥੋਂ ਬਾਹਰਲੇ ਦੇਸਾਂ ਵਿੱਚ ਭੇਜਿਆ ਜਾਂਦਾ ਸੀ। ਇਹਨਾਂ ਵਸਤਾਂ ਦੇ ਬਦਲੇ ਯੂਰਪ ਵਿੱਚ ਬਣੀਆਂ ਸ਼ੀਸ਼ੇ ਦੀਆਂ ਵਸਤਾਂ ਅਤੇ ਸ਼ੀਸ਼ੇ ਦਾ ਆਯਾਤ ਕੀਤਾ ਜਾਂਦਾ ਸੀ। ਉੱਤਰੀ ਭਾਰਤ ਵਿੱਚ ਥੱਲ-ਮਾਰਗ ਰਾਹੀਂ ਵਪਾਰ ਕੀਤਾ ਜਾਂਦਾ ਸੀ। ਇਹ ਮਾਰਗ ਅਫ਼ਗਾਨਿਸਤਾਨ, ਮੱਧ ਏਸ਼ੀਆ ਅਤੇ ਪੱਛਮੀ ਏਸ਼ੀਆ ਵਿਚੋਂ ਹੋ ਕੇ ਲੰਘਦਾ ਸੀ। ਚੀਨ ਨੂੰ ਯੂਰਪ ਨਾਲ ਜੋੜਨ ਵਾਲੇ ਮਾਰਗ ਨੂੰ ਰੇਸ਼ਮੀ-ਮਾਰਗ ਕਿਹਾ ਜਾਂਦਾ ਹੈ ਕਿਉਂਕਿ ਇਸ ਮਾਰਗ ਤੇ ਸਭ ਤੋਂ ਜ਼ਿਆਦਾ ਰੇਸ਼ਮ ਦਾ ਵਪਾਰ ਹੁੰਦਾ ਸੀ। ਹੌਲ਼ੀ-ਹੌਲ਼ੀ ਵਪਾਰ ਲਈ ਸਮੁੰਦਰੀ-ਮਾਰਗ ਜ਼ਿਆਦਾ ਪ੍ਰਸਿੱਧ ਹੋ ਗਿਆ।

ਵਪਾਰ ਦਾ ਲਾਭ ਹਮੇਸ਼ਾਂ ਭਾਰਤ ਦੇ ਪੱਖ ਵਿੱਚ ਰਹਿੰਦਾ ਸੀ। ਰੋਮ ਵਾਸੀ ਇਸ ਰਕਮ ਨੂੰ ਸੋਨਾ ਦੇ ਕੇ ਚੁਕਾਉਂਦੇ ਸਨ। ਦੱਖਣੀ ਸਮੁੰਦਰੀ ਤਟ ਦੇ ਨਾਲ ਨਾਲ ਪ੍ਰਾਚੀਨ ਰੋਮ ਦੇ ਸੋਨੇ ਦੇ ਸਿੱਕੇ ਵੱਡੀ ਮਾਤਰਾ ਵਿੱਚ ਪ੍ਰਾਪਤ ਹੋਏ ਹਨ। ਇਹ ਸੋਨੇ ਦੇ ਸਿੱਕੇ ਭਾਰਤ ਤੋਂ ਬਾਹਰਲੇ ਦੇਸਾਂ ਵਿੱਚ ਭੇਜੀਆਂ ਜਾਂਦੀਆਂ ਵਸਤਾਂ ਦੇ ਬਦਲੇ ਵਿੱਚ ਆਉਂਦੇ ਸਨ।

ਰੋਮ ਦੇ ਇੱਕ ਲੇਖਕ **ਪਲਿਨੀ** ਨੇ ਦੁੱਖ ਪ੍ਰਗਟ ਕਰਦੇ ਹੋਏ ਲਿਖਿਆ ਹੈ ਕਿ ਰੋਮ ਦਾ ਸੋਨਾ ਉਸ ਦੇ ਦੇਸ ਦੇ ਅਮੀਰਾਂ ਦੀਆਂ ਐਸ਼ੋ-ਆਰਾਮ ਦੀਆਂ ਜ਼ਰੂਰਤਾਂ ਲਈ ਭਾਰਤ ਜਾ ਰਿਹਾ ਹੈ। ਤੀਸਰੀ ਸਦੀ ਈ. ਦੇ ਬਾਅਦ ਰੋਮ ਨੇ ਭਾਰਤ ਦੇ ਨਾਲ ਵਪਾਰ ਉੱਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਗਾ ਦਿੱਤੀਆਂ। ਇਸ ਕਰਕੇ ਭਾਰਤ ਦਾ ਪੱਛਮੀ ਦੇਸਾਂ ਨਾਲ ਵਪਾਰ ਘੱਟ ਗਿਆ।

### 1. ਭਾਰਤ ਦੇ ਪੱਛਮੀ ਦੇਸਾਂ ਨਾਲ ਸੰਬੰਧ :

ਪ੍ਰਾਚੀਨ ਕਾਲ ਤੋਂ ਭਾਰਤ ਵਿੱਚ ਇੱਕ ਵੱਖਰੀ ਸੰਸਕ੍ਰਿਤੀ ਵਿਕਸਿਤ ਹੋਈ। ਇਤਿਹਾਸ ਦੇ ਹਰੇਕ ਕਾਲ ਅਤੇ ਲਗਪਗ ਉਪ-ਮਹਾਂਦੀਪ ਦੇ ਹਰੇਕ ਖੇਤਰ ਨੇ ਆਪਣੇ ਢੰਗ ਨਾਲ ਭਾਰਤ ਦੀ ਸੰਸਕ੍ਰਿਤੀ ਨੂੰ ਵਿਕਸਿਤ ਕਰਨ ਵਿੱਚ ਯੋਗਦਾਨ ਪਾਇਆ। ਭਾਰਤ ਦੀ ਸੰਸਕ੍ਰਿਤੀ ਭਾਰਤ ਦੇ ਲੋਕਾਂ ਦੀ ਪਹਿਚਾਣ ਬਣ ਗਈ। ਜਦੋਂ ਉਹ ਹੋਰ ਦੇਸਾਂ ਦੀ ਯਾਤਰਾ ਕਰਨ ਗਏ ਤਾਂ ਇਸ ਨੂੰ ਉਹ ਆਪਣੇ ਨਾਲ ਲੈ ਗਏ।

### 2. ਭਾਰਤ ਦੇ ਇਰਾਨ ਨਾਲ ਸੰਬੰਧ :

600 ਈ: ਪੂ. ਵਿੱਚ ਇਰਾਨ ਦੇ **ਏਚੈਮੀਨਿਡ** ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉੱਤਰ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ। ਇਰਾਨ ਨਾਲ ਇਸ ਸੰਬੰਧ ਦੀ ਪਹਿਚਾਣ ਭਾਰਤ ਵਿੱਚ ਸਤੰਭਾਂ ਦੇ ਉਪਰਲੇ ਸਿਰਿਆਂ ਦੇ ਗੁੰਬਦਾਂ, ਸਤੰਭਾਂ ਤੇ ਸ਼ਿਲਾਲੇਖਾਂ, ਖਰੋਸ਼ਟੀ ਲਿਪੀ ਅਤੇ ਨਵੀਂ ਕਿਸਮ ਦੇ ਸਿੱਕਿਆਂ ਵਰਗੇ ਚਿੰਨ੍ਹਾਂ ਤੋਂ ਹੁੰਦੀ ਹੈ।

### 3. ਭਾਰਤ ਦੇ ਯੂਨਾਨ ਨਾਲ ਸੰਬੰਧ :

ਸਿਕੰਦਰ ਦੁਆਰਾ ਭਾਰਤ ਤੇ ਹਮਲੇ ਦੇ ਕਾਰਣ ਵਪਾਰਕ ਰਸਤੇ ਖੁੱਲ੍ਹ ਗਏ ਅਤੇ ਭਾਰਤੀ ਵਪਾਰੀ **ਸਿਲਕ ਮਾਰਗ** ਰਾਹੀਂ ਵਪਾਰ ਕਰਨ ਦੇ ਯੋਗ ਹੋ ਗਏ। ਹੁਣ ਭਾਰਤ ਦੀਆਂ ਵਸਤਾਂ ਰੋਮ ਅਤੇ ਹੋਰ ਪੱਛਮੀ ਦੇਸਾਂ ਵਿੱਚ ਜਾਣ ਲੱਗੀਆਂ। ਵਿਚਾਰਾਂ ਦਾ ਅਦਾਨ-ਪ੍ਰਦਾਨ ਹੋਇਆ ਅਤੇ ਬੁੱਧ ਧਰਮ ਪੱਛਮੀ ਏਸ਼ੀਆ, ਮਿਸਰ ਅਤੇ ਯੂਰਪ ਵਿੱਚ ਫੈਲ ਗਿਆ। ਭਾਰਤ ਦੇ ਮਿਸਰ ਦੇਸ ਨਾਲ ਵੀ ਸੰਬੰਧ ਸਨ। ਭਾਰਤ ਅਤੇ ਮਿਸਰ ਦੇ ਵਪਾਰਕ ਸੰਬੰਧ ਕਾਇਮ ਹੋਏ। ਭਾਰਤ ਤੋਂ ਕੀਮਤੀ ਹੀਰੇ, ਮਸਾਲੇ, ਗਊਆਂ ਅਤੇ ਸ਼ਿਕਾਰੀ ਕੁੱਤਿਆਂ ਦੀ ਮਿਸਰ ਵਿੱਚ ਬਹੁਤ ਮੰਗ ਕੀਤੀ ਜਾਂਦੀ ਸੀ।

## 4. ਭਾਰਤ ਦੇ ਮੱਧ ਏਸ਼ੀਆ ਅਤੇ ਚੀਨ ਨਾਲ ਸੰਬੰਧ :

ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਸ਼੍ਰੀ-ਲੰਕਾ, ਬਰਮਾ (ਮਇਆਂਮਾਰ), ਚੀਨ ਅਤੇ ਮੱਧ ਏਸ਼ੀਆ ਵਿੱਚ ਭੇਜਿਆ ਗਿਆ। ਬੋਧੀ ਗ੍ਰੰਥਾਂ ਦਾ ਅਧਿਐਨ ਕਰਨ ਕਈ ਵਿਦਵਾਨ ਭਾਰਤ ਆਏ। ਬਾਮਿਆਨ (ਅਫ਼ਗਾਨਿਸਤਾਨ) ਵਿਖੇ ਪੱਥਰਾਂ ਨੂੰ ਤਰਾਸ਼ ਕੇ ਬਣਾਏ ਗਏ ਬੁੱਧ ਦੇ ਵੱਡੇ ਬੁੱਤ, ਬੁੱਧ ਧਰਮ ਦੇ ਪ੍ਰਸਿੱਧ ਸਮਾਰਕ ਹਨ। ਇਹ ਤਾਲੀਬਾਨ ਰਾਜ ਦੌਰਾਨ 2001 ਈ. ਵਿੱਚ ਤਬਾਹ ਹੋ ਗਏ ਸੀ।



*ਚਿੱਤਰ* ***18.1*** *ਬਾਮਿਆਨ (ਅਫ਼ਗਾਨਿਸਤਾਨ)*

## 5. ਰੋਮ ਨਾਲ ਭਾਰਤ ਦੇ ਸੰਬੰਧ :

ਸਮੁੰਦਰੋਂ ਪਾਰ ਭਾਰਤ ਦਾ ਰੋਮ ਨਾਲ ਵਪਾਰ ਬਾਰੇ ਪਟੋਲਮੀ ਦੇ ਭੂਗੋਲ ਅਤੇ ਸੰਗਮ ਸਾਹਿਤ ਵਿੱਚ ਵਰਣਨ ਕੀਤਾ ਗਿਆ ਹੈ। ਰੋਮ ਦੇ ਬਹੁਤ ਸਾਰੇ ਸਿੱਕੇ ਭਾਰਤ ਦੀਆਂ ਬੰਦਰਗਾਹਾਂ ਦੇ ਸ਼ਹਿਰਾਂ ਵਿੱਚੋਂ ਮਿਲੇ ਹਨ। ਭਾਰਤ ਮਸਾਲੇ, ਕੀਮਤੀ ਹੀਰੇ, ਵਧੀਆ ਕੱਪੜਾ, ਇੱਤਰ, ਹਾਥੀ ਦੰਦ ਦਾ ਸਮਾਨ, ਲੋਹਾ, ਰੰਗ, ਚਾਵਲ, ਤੋਤੇ ਅਤੇ ਮੋਰ ਵਰਗੇ ਪੰਛੀ ਅਤੇ ਬੰਦਰ ਵਰਗੇ ਜਾਨਵਰਾਂ ਆਦਿ ਦਾ ਨਿਰਯਾਤ ਕਰਦਾ ਸੀ। ਇਸ ਦੇ ਬਦਲੇ ਭਾਰਤ ਸੋਨੇ ਅਤੇ ਚਾਂਦੀ ਦੇ ਸਿੱਕੇ, ਧਾਤਾਂ, ਸ਼ਰਾਬ ਅਤੇ ਸ਼ੀਸ਼ਾ ਆਯਾਤ ਕਰਦਾ ਸੀ।

## 6. ਭਾਰਤ ਦੇ ਦੱਖਣੀ-ਪੂਰਬੀ ਏਸ਼ੀਆ ਨਾਲ ਸੰਬੰਧ :

ਚੇਰ, ਚੋਲ ਅਤੇ ਪਾਂਡਯ ਸ਼ਾਸਕਾਂ ਨੇ ਜਹਾਜ਼ ਬਣਾਉਣ ਅਤੇ ਸਮੁੰਦਰੋਂ ਪਾਰ ਖੋਜਾਂ ਨੂੰ ਉਤਸ਼ਾਹਿਤ ਕੀਤਾ। ਇਸ ਨਾਲ ਵਪਾਰ ਵਿਕਸਿਤ ਹੋਇਆ ਅਤੇ ਸ਼੍ਰੀਲੰਕਾ ਅਤੇ ਦੱਖਣੀ ਏਸ਼ੀਆ ਵਿੱਚ ਉਪਨਿਵੇਸ਼ਾਂ ਦੀ ਸਥਾਪਨਾ ਹੋਈ। ਉੱਥੇ ਵਸਦੇ ਭਾਰਤੀਆਂ ਅਤੇ ਸਥਾਨਕ ਲੋਕਾਂ ਨੇ ਇਕ ਦੂਜੇ ਨੂੰ ਪ੍ਰਭਾਵਿਤ ਕੀਤਾ। ਸਿੱਟੇ ਵਜੋਂ ਇਸ ਖੇਤਰ ਵਿੱਚ ਭਾਰਤੀ ਭਾਸ਼ਾ, ਸਾਹਿਤ ਅਤੇ ਕਲਾ ਦਾ ਪਰਸਾਰ ਹੋਇਆ।

ਚੰਪਾ (ਵੀਅਤਨਾਮ) ਅਤੇ ਕੰਬੋਜ਼ (ਕਮਪੂਚੀਆ) ਦੇ ਸ਼ਾਸਕਾਂ ਨੇ ਹਿੰਦੂ ਧਰਮ ਦਾ ਪ੍ਰਸਾਰ ਕੀਤਾ। ਉਹ ਸ਼ਿਵ ਅਤੇ ਵਿਸ਼ਨੂੰ ਦੀ ਪੂਜਾ ਕਰਦੇ ਸਨ ਅਤੇ ਧਾਰਮਿਕ ਰਸਮਾਂ ਨੂੰ ਪੂਰਾ ਕਰਨ ਲਈ ਬ੍ਰਾਹਮਣ ਪੁਜਾਰੀਆਂ ਨੂੰ ਨਿਯੁਕਤ ਕਰਦੇ ਸਨ। ਕਮਪੂਚੀਆ ਦੇ **ਅੰਗਕੋਰਵਾਟ** ਮੰਦਰ ਵਿੱਚ ਭਾਰਤ ਦੇ ਮਹਾਂਕਾਵਿ-ਰਮਾਇਣ ਅਤੇ ਮਹਾਂਭਾਰਤ ਵਿੱਚੋਂ ਦ੍ਰਿਸ਼ ਮੂਰਤੀਕਲਾ ਵਿੱਚ ਚਿੱਤਰਾਏ ਗਏ



*ਚਿੱਤਰ 18.2 ਕਮਪੂਚੀਆ ਵਿਖੇ ਅੰਗਕੋਰਵਾਟ ਮੰਦਰ*

ਹਨ। ਇੰਡੋਨੇਸ਼ੀਆ ਦਾ ਇੱਕ ਨਾਚ ਵੀ ਰਮਾਇਣ ਅਤੇ ਮਹਾਂਭਾਰਤ ਤੋਂ ਲਏ ਗਏ ਕਥਾ-ਪ੍ਰਸੰਗਾਂ ਤੇ ਅਧਾਰਤ ਹੈ। ਇੰਡੋਨੇਸ਼ੀਆ ਭਾਸ਼ਾ ਵਿੱਚ ਬਹੁਤ ਸਾਰੇ ਤਾਮਿਲ ਅਤੇ ਸੰਸਕ੍ਰਿਤ ਦੇ ਸ਼ਬਦ

ਸ਼ਾਮਲ ਹਨ। ਇੰਡੋਨੇਸ਼ੀਆ ਲਿਪੀ ਵੀ ਦੱਖਣੀ-ਪੂਰਬੀ ਏਸ਼ੀਆ ਦੀਆਂ ਦੂਜੀਆਂ ਲਿਪੀਆਂ ਨਾਲ ਮਿਲਦੀ ਹੈ।

ਅਰਬਾਂ ਨੇ ਸਿੰਧ 'ਤੇ 712 ਈ. ਵਿੱਚ ਅਧਿਕਾਰ ਕਰ ਲਿਆ। ਉਨ੍ਹਾਂ ਨੇ ਭਾਰਤ ਵਿੱਚ ਕਈ ਵਪਾਰਕ ਬਸਤੀਆਂ ਸਥਾਪਤ ਕੀਤੀਆਂ। ਅਰਬਾਂ ਨੇ ਭਾਰਤੀ ਰਚਨਾਵਾਂ— ਹਿਸਾਬ, ਚੱਕਿੱਤਸਾ, ਜੋਤਸ਼ ਅਤੇ ਸਾਹਿਤ ਦਾ ਅਰਬੀ ਭਾਸ਼ਾ ਵਿੱਚ ਅਨੁਵਾਦ ਕਰਵਾਇਆ। ਅਰਬਾਂ ਨੇ ਭਾਰਤੀ ਸੰਖਿਆ ਪ੍ਰਣਾਲੀ ਸਮੇਂ ਜ਼ੀਰੋ ਸੰਖਿਆ ਦਾ ਦੁਨੀਆ ਵਿੱਚ ਪ੍ਰਸਾਰ ਕੀਤਾ।

ਇਸ ਲਈ ਉਸ ਸੰਖਿਆ ਪ੍ਰਣਾਲੀ ਨੂੰ ਅੱਜਕਲ੍ਹ **'ਹਿੰਦੂ-ਅਰਬ ਸੰਖਿਆ ਪ੍ਰਣਾਲੀ'** ਕਿਹਾ ਜਾਂਦਾ ਹੈ। ਅਰਬਾਂ ਦੇ ਹਮਲੇ ਨੇ ਹੀ ਇੰਡੋ-ਇਸਲਾਮ ਸੰਸਕ੍ਰਿਤੀ ਦਾ ਅਰੰਭ ਕੀਤਾ।

### ਯਾਦ ਰੱਖਣ ਯੋਗ ਨੁਕਤੇ

1. ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਵਿਦੇਸ਼ਾਂ ਨਾਲ ਸੰਸਕ੍ਰਿਤਿਕ ਅਤੇ ਵਪਾਰਿਕ ਸਬੰਧ ਸਥਾਪਿਤ ਸਨ।
2. ਭਾਰਤ ਤੋਂ ਕੱਪੜੇ, ਗਹਿਣੇ, ਨੱਕਾਂਸ਼ੀਦਾਰ ਚੀਜਾਂ, ਹੀਰੇ-ਜਵਾਹਰਾਤ, ਇੱਤਰ, ਮਲਮਲ, ਹਾਥੀਦੰਦ ਦੀਆਂ ਵਸਤਾਂ ਅਤੇ ਗਰਮ ਮਸਾਲੇ ਯੂਨਾਨ ਅਤੇ ਰੋਮ ਆਦਿ ਵਿੱਚ ਭੇਜੇ ਜਾਂਦੇ ਸਨ।
3. 600 ਈ.ਪੂ. ਵਿੱਚ ਇਰਾਨ ਦੇ ਏਚੈਮੀਨਿਡ ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉਤਰ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ।
4. ਸਿਕੰਦਰ ਦੁਆਰਾ ਭਾਰਤ ਤੇ ਹਮਲਾ ਕਰਨ ਦੇ ਕਾਰਨ ਵਪਾਰਕ ਰਸਤੇ ਖੁੱਲ੍ਹ ਗਏ ਅਤੇ ਭਾਰਤੀ ਵਪਾਰੀ ਸਿਲਕ ਮਾਰਗ ਰਾਹੀ ਵਪਾਰ ਕਰਨ ਦੇ ਯੋਗ ਹੋ ਗਏ।
5. ਭਾਰਤ ਦੇ ਕੀਮਤੀ ਹੀਰੇ, ਮਸਾਲੇ, ਗਊਆਂ ਅਤੇ ਸ਼ਿਕਾਰੀ ਕੁੱਤਿਆਂ ਦੀ ਮਿਸਰ ਵਿੱਚ ਬਹੁਤ ਮੰਗ ਕੀਤੀ ਜਾਂਦੀ ਸੀ।
6. ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਸ਼੍ਰੀਲੰਕਾ, ਬਰਮਾ (ਮਾਇਆਂਮਾਰ), ਚੀਨ ਅਤੇ ਮੱਧ ਏਸ਼ੀਆ ਵਿੱਚ ਭੇਜਿਆ ਗਿਆ।

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਰੇਸ਼ਮੀ-ਮਾਰਗ ਤੋਂ ਕੀ ਭਾਵ ਹੈ ?

(2) ਸਾਤਵਾਹਨ ਕਾਲ ਦੀਆਂ ਕੁਝ ਮਹੱਤਵਪੂਰਨ ਬੰਦਰਗਾਹਾਂ ਦੇ ਨਾਮ ਦੱਸੋ ।

(3) ਭਾਰਤ ਦੇ ਇਰਾਨ ਨਾਲ ਸੰਬੰਧ ਕਿਵੇਂ ਸਥਾਪਤ ਹੋਏ ?

(4) ਭਾਰਤ ਤੋਂ ਰੋਮ ਨੂੰ ਕੀ ਨਿਰਯਾਤ (ਭੇਜਿਆ) ਕੀਤਾ ਜਾਂਦਾ ਸੀ ?

(5) ਯੂਰਪ ਤੋਂ ਕਿਹੜੀਆਂ ਵਸਤਾਂ ਆਯਾਤ (ਮੰਗਵਾਈਆਂ) ਕੀਤੀਆਂ ਜਾਂਦੀਆਂ ਸਨ ?

## II. ਹੇਠ ਲਿਖੇ ਵਾਂਕਾਂ ਵਿੱਚ ਖਾਲੀ ਥਾਵਾਂ ਭਰੋ :

(1) .................... ਈ.ਪੂ. ਵਿੱਚ ਇਰਾਨ ਦੇ .................... ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉਤਰੀ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ।

(2) ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ...................., ...................., .................... ਅਤੇ .................... ਵਿੱਚ ਭੇਜਿਆ ਗਿਆ।

(3) ...................., .................... ਅਤੇ .................... ਸ਼ਾਸਕਾਂ ਨੇ ਜਹਾਜ ਬਣਾਉਣ ਅਤੇ ਸਮੁੰਦਰੋ ਪਾਰ ਖੋਜਾਂ ਨੂੰ ਉਤਸ਼ਾਹਿਤ ਕੀਤਾ।

(4) ਅਰਬਾਂ ਨੇ ਸਿੰਧ 'ਤੇ .................... ਈ. ਵਿੱਚ ਅਧਿਕਾਰ ਕਰ ਲਿਆ।

(5) ਕਮ ਪੂਚੀਆ ਦੇ .................... ਮੰਦਰ ਵਿੱਚ ਭਾਰਤ ਦੇ ਮਹਾਂਕਾਵਿ .................... ਅਤੇ .................... ਵਿੱਚੋਂ ਦ੍ਰਿਸ਼ ਮੂਰਤੀਕਲਾ ਵਿੱਚ ਚਿੱਤਰਾਏ ਗਏ ਹਨ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਸੋਨੇ ਦੇ ਸਿੱਕੇ | (ੳ) ਸ਼ੂਰਪਾਰਕ |
| (2) ਬੰਦਰਗਾਹ | (ਅ) ਰੇਸ਼ਮ |
| (3) ਚੀਨ | (ੲ) ਥੱਲ-ਮਾਰਗ |
| (4) ਰੇਸ਼ਮੀ-ਮਾਰਗ | (ਸ) ਰੋਮ |

## IV. ਹੇਠ ਲਿਖੇ ਵਾਂਕਾਂ ਦੇ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :

(1) ਭਾਰਤ ਦੀ ਸੰਸਕ੍ਰਿਤੀ ਨੇ ਭਾਰਤੀਆਂ ਦੀ ਪਹਿਚਾਣ ਬਣਾਈ। ☐

(2) ਭਾਰਤ ਦੇ ਮਿਸਰ ਨਾਲ ਕੋਈ ਸੰਬੰਧ ਨਹੀਂ ਸਨ। ☐

(3) ਬੁੱਧ ਦੀਆਂ ਪੱਥਰ ਤਰਾਸ਼ੀ ਦੀਆਂ ਵੱਡੀਆਂ ਮੂਰਤੀਆਂ ਬਾਮੀਆਨ (ਅਫ਼ਗਾਨਿਸਤਾਨ) ਵਿਖੇ ਮਿਲੀਆਂ ਸਨ। ☐

(4) ਭਾਰਤ ਦੀਆਂ ਵਸਤਾਂ ਰੋਮ ਦੀਆਂ ਮੰਡੀਆਂ ਵਿੱਚ ਵੱਧ ਕੀਮਤਾਂ ਤੇ ਵਿਕਦੀਆਂ ਸਨ। ☐

(5) ਚੇਰ, ਚੋਲ ਅਤੇ ਪਾਂਡਯ ਸ਼ਾਸਕਾਂ ਨੇ ਸਮੁੰਦਰੋਂ ਪਾਰ ਜਹਾਜ਼ ਬਣਾਉਣ ਅਤੇ ਖੋਜਾਂ ਨੂੰ ਉਤਸ਼ਾਹਤ ਕੀਤਾ। ☐

## ਗਤੀਵਿਧੀ

ਦੱਖਣੀ ਪੂਰਬੀ ਏਸ਼ਿਆਈ ਦੇਸਾਂ ਦੇ ਹਿੰਦੂ ਅਤੇ ਬੋਧੀ ਮੰਦਰਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਨੋਟ ਬੁੱਕ ਵਿੱਚ ਚਿਪਕਾਓ।

## ਯੂਨਿਟ- 3

# ਨਾਗਰਿਕ ਸ਼ਾਸਤਰ



## ਸਮਾਜਿਕ ਅਤੇ ਸਿਆਸੀ ਜੀਵਨ

# ਸਮੁਦਾਇ ਅਤੇ ਇਸ ਦਾ ਵਿਕਾਸ

ਪੁਸਤਕ ਦੇ ਇਸ ਭਾਗ 'ਸਮੁਦਾਇ ਅਤੇ ਇਸ ਦਾ ਵਿਕਾਸ' ਨੂੰ ਪੜ੍ਹਨ ਉਪਰੰਤ ਅਸੀਂ ਜਾਣਕਾਰੀ ਪ੍ਰਾਪਤ ਕਰਾਂਗੇ ਕਿ ਪ੍ਰਾਚੀਨ ਸਮੇਂ ਤੋਂ ਸਮੁਦਾਇ ਭਾਵ ਸਮਾਜ ਦਾ ਵਿਕਾਸ ਕਿਵੇਂ ਹੋਇਆ ? ਕੁਦਰਤੀ ਵਾਤਾਵਰਨ ਨੂੰ ਮਨੁੱਖ ਦੀ ਸੋਚ ਸ਼ਕਤੀ ਨੇ ਕਿਸ ਤਰ੍ਹਾਂ ਬਦਲਿਆ ਅਤੇ ਮਨੁੱਖ ਲਈ ਸਮਾਜ ਦੀ ਲੋੜ ਅਤੇ ਮਹੱਤਤਾ ਬਾਰੇ ਗਿਆਨ ਪ੍ਰਾਪਤ ਹੋਏਗਾ। ਸਿੱਖਿਆਰਥੀ ਇਹ ਵੀ ਜਾਣ ਲੈਣਗੇ ਕਿ ਸਾਡੇ ਦੇਸਵਾਸੀਆਂ ਨੇ ਸਮੇਂ-ਸਮੇਂ ਦੇ ਸੱਭਿਆਚਾਰਕ ਵਿਕਾਸ ਅਤੇ ਭਾਰਤੀ ਅਨੇਕਤਾਵਾਂ ਵਿੱਚ ਏਕਤਾ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਉੱਤੇ ਫ਼ਖ਼ਰ ਕਿਉਂ ਮਹਿਸੂਸ ਕਰਦੇ ਹਨ।

ਸਿੱਖਿਆਰਥੀ ਸਮਾਜ ਵਿੱਚ ਰਹਿੰਦੇ ਹੋਏ ਪੇਂਡੂ ਅਤੇ ਸ਼ਹਿਰੀ ਸਥਾਨਕ ਸਰਕਾਰ ਦੀ ਲੋੜ, ਮਹੱਤਵ ਅਤੇ ਸਮਾਜ ਦੇ ਵਿਕਾਸ ਵਿੱਚ ਇਸ ਦੀ ਭਾਗੀਦਾਰੀ ਬਾਰੇ ਲੋੜੀਂਦਾ ਗਿਆਨ ਪ੍ਰਾਪਤ ਕਰਨਗੇ। ਇਸੇ ਤਰ੍ਹਾਂ ਸਮਾਜਿਕ ਵਾਤਾਵਰਨ ਵਿੱਚ ਰਹਿੰਦੇ ਹੋਏ ਆਪਣੀ ਸਥਾਨਕ ਸਰਕਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਨਗੇ। ਉਹ ਆਪਣੇ ਅਤੀਤ ਦੀਆਂ ਪੀੜ੍ਹੀਆਂ ਤੋਂ ਪ੍ਰਾਪਤ ਹੋਈਆਂ ਇਤਿਹਾਸਿਕ ਇਮਾਰਤਾਂ ਅਤੇ ਸਮਾਰਕਾਂ ਦੀ ਸੰਭਾਲ਼ ਕਰਦੇ ਹੋਏ ਕਿਵੇਂ ਵਧੀਆ ਨਾਗਰਿਕ ਦੀਆਂ ਜ਼ਿੰਮੇਵਾਰੀਆਂ ਨਿਭਾਉਣਗੇ।

ਵਿਸ਼ਾ ਮਾਹਿਰ (ਰਾਜਨੀਤੀ ਸ਼ਾਸਤਰ)

ਪਾਠ 19

# ਸਮੁਦਾਇ ਅਤੇ ਮਨੁੱਖੀ ਲੋੜਾਂ

ਕੀ ਤੁਸੀਂ ਜਾਣਦੇ ਹੋ ਕਿ ਮਨੁੱਖੀ ਜੀਵਨ ਨੂੰ ਸੁਖੀ ਅਤੇ ਖ਼ੁਸ਼ਹਾਲ ਬਣਾਉਣ ਲਈ ਇੱਕ ਚੰਗੇ ਸਮਾਜ ਦੀ ਜ਼ਰੂਰਤ ਹੁੰਦੀ ਹੈ? ਅੱਜ ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ ਇਹ ਮਨੁੱਖਤਾ ਦੀ ਇੱਕ ਬਹੁਤ ਲੰਮੀ ਜਦੋ-ਜਹਿਦ ਪਿੱਛੋਂ ਹੋਂਦ ਵਿੱਚ ਆਇਆ ਹੈ। ਸਮਾਜ ਕਈ ਸਮੁਦਾਇਆਂ ਦੇ ਇਕੱਠ ਤੋਂ ਬਣਦਾ ਹੈ। ਸਮੁਦਾਇ ਪਰਿਵਾਰਾਂ ਦਾ ਪਰਿਵਾਰ ਹੁੰਦਾ ਹੈ।

ਜੇਕਰ ਤੁਹਾਨੂੰ ਕੋਈ ਪੁੱਛੇ ਕਿ ਤੁਸੀਂ ਕੌਣ ਹੋ? ਤੁਸੀਂ ਸਭ ਤੋਂ ਪਹਿਲਾਂ ਆਪਣਾ ਨਾਂ, ਫਿਰ ਆਪਣੇ ਘਰ, ਸਕੂਲ, ਦੋਸਤਾਂ ਜਾਂ ਰਿਸ਼ਤੇਦਾਰਾਂ ਬਾਰੇ ਦੱਸੋਗੇ। ਇਹਨਾਂ ਸਭ ਤੋਂ ਬਿਨਾਂ ਤੁਹਾਡੀ ਆਪਣੀ ਇੱਕ ਵੱਖਰੀ ਹੋਂਦ ਵੀ ਹੈ, ਪਰ ਤੁਸੀਂ ਇਕੱਲੇ ਨਹੀਂ ਰਹਿ ਸਕਦੇ ਕਿਉਂਕਿ ਪਰਮਾਤਮਾ ਵੱਲੋਂ ਇਨਸਾਨ ਹੀ ਇੱਕ ਅਜਿਹਾ ਜੀਵ ਬਣਾਇਆ ਹੈ ਜੋ ਸੋਚ ਸਕਦਾ ਹੈ। ਧਰਤੀ ਤੇ ਵੱਸਦੇ ਬਾਕੀ ਸਾਰੇ ਜੀਵ ਜੰਤੂ, ਪਸ਼ੂ, ਪੰਛੀਆਂ ਵਿੱਚ ਇਹ ਸੋਚ ਸ਼ਕਤੀ ਨਹੀਂ ਹੁੰਦੀ। ਇਨਸਾਨ ਦੀ ਇਸੇ ਸੋਚ ਸ਼ਕਤੀ ਭਾਵ ਦਿਮਾਗੀ ਸੂਝ ਕਾਰਨ ਸਾਡਾ ਅੱਜ ਦਾ ਵਿਕਸਿਤ ਸਮਾਜ ਹੋਂਦ ਵਿੱਚ ਆਇਆ ਹੈ।

*ਸਮੁਦਾਇ ਵਿੱਚ ਹਰ ਇਨਸਾਨ ਦੀ ਇੱਕ ਵੱਖਰੀ ਹੋਂਦ ਹੈ।*

ਤੁਹਾਡੀ ਇੱਕ ਵੱਖਰੀ ਹੋਂਦ ਹੋਣ ਦੇ ਬਾਵਜੂਦ ਵੀ ਤੁਸੀਂ ਕਈ ਸਮਾਜਿਕ ਸਮੂਹਾਂ, ਜਿਵੇਂ ਕਿ ਪਰਿਵਾਰ, ਸਕੂਲ ਪਿੰਡ/ਸ਼ਹਿਰ, ਦੇਸ ਆਦਿ ਨਾਲ਼ ਜੁੜੇ ਹੋਏ ਹੋ। ਇਹਨਾਂ ਤੋਂ ਬਿਨਾਂ ਤੁਸੀਂ ਹੋਰ ਵੀ ਸਮੂਹਾਂ ਦੇ ਮੈਂਬਰ ਹੋ। ਜਿਵੇਂ ਕਿ ਅਸੀਂ ਸਾਰੇ ਪੰਜਾਬੀ, ਪੰਜਾਬੀ ਭਾਸ਼ਾ ਬੋਲਦੇ ਹਾਂ। ਇਸ ਲਈ ਅਸੀਂ ਪੰਜਾਬੀ ਭਾਸ਼ਾ ਬੋਲਣ ਵਾਲ਼ੇ ਖ਼ਾਸ ਸਮੂਹ ਦੇ ਮੈਂਬਰ ਹਾਂ। ਇਸੇ ਤਰ੍ਹਾਂ ਅਸੀਂ ਸਾਰੇ ਕਿਸੇ ਨਾ ਕਿਸੇ ਧਾਰਮਿਕ ਸਮੂਹ ਦੇ ਮੈਂਬਰ ਵੀ ਹੁੰਦੇ ਹਾਂ।

ਪਰਿਵਾਰ ਬੱਚੇ ਦਾ ਮੁੱਢਲਾ ਅਤੇ ਪਹਿਲਾ ਸਮਾਜ ਹੈ। ਜਿਸ ਵਿੱਚ ਉਹ ਆਪਣੇ ਮਾਤਾ-ਪਿਤਾ ਤੇ ਭੈਣ ਭਰਾਵਾਂ ਨਾਲ਼ ਰਹਿੰਦਾ ਹੈ। ਪਰਿਵਾਰ ਵਿੱਚ ਹਰ ਬੱਚਾ, ਪਿਆਰ, ਹਮਦਰਦੀ, ਕੁਰਬਾਨੀ, ਸਤਿਕਾਰ, ਭਾਈਚਾਰਾ ਆਦਿ ਗੁਣ ਸਿੱਖਦਾ ਹੈ। ਪਰਿਵਾਰ ਉਹਨਾਂ ਵਿਅਕਤੀਆਂ ਦਾ ਸਮੂਹ

ਹੁੰਦਾ ਹੈ ਜੋ ਵਿਆਹ ਸਬੰਧਾਂ, ਲਹੂ ਸਬੰਧਾਂ ਅਤੇ ਗੋਦ ਲੈਣ ਦੇ ਸਬੰਧਾਂ ਕਾਰਨ ਪਰਸਪਰ ਬੰਧਨ ਵਿੱਚ ਜੁੜਦੇ ਹਨ। ਸਕੂਲ, ਪਿੰਡ, ਸ਼ਹਿਰ ਦੇਸ਼ ਅਤੇ ਸੰਸਾਰ ਆਦਿ ਵੀ ਮਨੁੱਖੀ ਸਮਾਜ ਦੇ ਵਧੇ ਹੋਏ ਰੂਪ ਹਨ। ਇਹਨਾਂ ਤੋਂ ਇਲਾਵਾ ਵੀ ਮਨੁੱਖ ਆਪਣੇ ਜੀਵਨ ਵਿੱਚ ਹੋਰ ਵੀ ਕਈ ਛੋਟੇ-ਛੋਟੇ ਸਮੂਹਾਂ ਦਾ ਮੈਂਬਰ ਹੁੰਦਾ ਹੈ ਜਿਹਨਾਂ ਦੇ ਵੱਖਰੇ-ਵੱਖਰੇ ਉਦੇਸ਼ ਹੁੰਦੇ ਹਨ।

*ਪਰਿਵਾਰ ਸਮਾਜ ਦੀ ਮੁੱਢਲੀ ਸਮਾਜਿਕ ਇਕਾਈ ਹੈ ਅਤੇ ਸਮਾਜ ਇਸਦਾ ਬਹੁਤ ਵੱਡਾ ਰੂਪ ਹੈ।*


ਸਕੂਲ ਜਿੱਥੇ ਬੱਚਾ ਪੜ੍ਹਨਾ, ਲਿਖਣਾ, ਅਤੇ ਕਈ ਹੋਰ ਗੁਣ, ਅਨੁਸ਼ਾਸਨ, ਸਦਭਾਵਨਾ ਅਤੇ ਆਗਿਆ ਪਾਲਣ ਆਦਿ ਜਿਹੇ ਗੁਣ ਸਿੱਖਦਾ ਹੈ। ਸਕੂਲ ਵਿੱਚ ਵੀ ਹਰੇਕ ਵਿਦਿਆਰਥੀ ਕਈ ਤਰ੍ਹਾਂ ਦੇ ਸਮੂਹਾਂ ਦਾ ਮੈਂਬਰ ਹੁੰਦਾ ਹੈ। ਹਰ ਬੱਚੇ ਦੇ ਆਪਣੇ ਕੁਝ ਨਜ਼ਦੀਕੀ ਦੋਸਤ ਹੁੰਦੇ ਹਨ। ਇੱਕ ਹੀ ਕਲਾਸ ਵਿੱਚ ਬੱਚਿਆਂ ਦੇ ਦੋਸਤਾਂ ਦੇ ਕਈ ਸਮੂਹ ਹੁੰਦੇ ਹਨ। ਕਈ ਜਮਾਤਾਂ ਮਿਲ਼ਾ ਕੇ ਇੱਕ ਸਮੁਦਾਇ-ਸਕੂਲ ਬਣਦਾ ਹੈ। ਇਸੇ ਤਰ੍ਹਾਂ ਕਈ ਰਾਜਾਂ ਨੂੰ ਮਿਲਾ ਕੇ ਇੱਕ ਦੇਸ ਭਾਵ ਇੱਕ ਕੌਮ ਬਣਦੀ ਹੈ। ਕਈ ਕੌਮਾਂ ਨੂੰ ਮਿਲਾਕੇ ਸਾਰਾ ਮਨੁੱਖੀ ਸਮਾਜ ਬਣਦਾ ਹੈ ਜਿਸ ਨੂੰ ਸੰਸਾਰ ਸਮੁਦਾਇ ਕਹਿੰਦੇ ਹਾਂ।

## ਸਮੁਦਾਇਕ ਜੀਵਨ ਦਾ ਆਰੰਭ :

ਜ਼ਰ੍ਹਾ ਸੋਚੋ ਕਿ ਅੱਜ ਦਾ ਉੱਨਤ ਸਮਾਜ ਜੋ ਸਾਡੇ ਸਾਹਮਣੇ ਹੈ, ਇਸਦਾ ਵਿਕਾਸ ਕਿਵੇਂ ਹੋਇਆ? ਲੱਖਾਂ ਸਾਲ ਪਹਿਲਾਂ ਧਰਤੀ ਉਪਗ੍ਰਹਿ ਤੇ ਮਨੁੱਖੀ ਜੀਵਨ ਸ਼ੁਰੂ ਹੋਇਆ। ਉਸ ਸਮੇਂ ਤੋਂ ਲੈਕੇ ਅੱਜ ਤੱਕ ਮਨੁੱਖੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਵਿਕਾਸ ਕਈ ਪੜਾਵਾਂ ਵਿੱਚੋਂ ਗੁਜ਼ਰਿਆ ਹੈ। ਮੁੱਢਲੇ ਮਨੁੱਖ ਨੇ ਪ੍ਰਾਚੀਨ ਸਮੇਂ ਵਿੱਚ ਪੱਥਰਾਂ ਦੇ ਹਥਿਆਰ ਬਣਾਏ। ਧਾਤਾਂ ਦੀ



**ਚਿੱਤਰ 19.1** *ਪ੍ਰਾਚੀਨ ਸਮੇਂ ਦੇ ਕਬੀਲੇ*



**ਚਿੱਤਰ 19.2** *ਪੱਥਰਾਂ ਦੇ ਹਥਿਆਰ ਬਣਾਉਂਦਾ ਮਨੁੱਖ*

ਖੋਜ ਕਰਨ ਪਿੱਛੋਂ ਹਥਿਆਰ ਤਾਂਬਾ, ਕਾਂਸਾ ਅਤੇ ਲੋਹੇ ਆਦਿ ਦੇ ਵੀ ਬਣਾਏ ਗਏ। ਮਨੁੱਖੀ ਸੱਭਿਅਤਾ ਦੇ ਵਿਕਾਸ ਵਿੱਚ ਲੋਹੇ ਦੀ ਖੋਜ ਬੜੀ ਮਹੱਤਵਪੂਰਨ ਹੈ। ਜਿਸ ਕਾਰਨ ਸ਼ਿਕਾਰ ਕਰਨ ਵਾਲ਼ੇ ਹਥਿਆਰ ਪੱਥਰ ਦੀ ਥਾਂ ਲੋਹੇ ਦੇ ਬਣਨ ਲੱਗ ਪਏ। ਇਸੇ ਤਰ੍ਹਾਂ ਮਨੁੱਖ ਦੁਆਰਾ ਕਈ ਧਾਤਾਂ ਮਿਲ਼ਾ ਕੇ ਮਿਸ਼ਰਤ ਧਾਤਾਂ ਤਿਆਰ ਕੀਤੀਆਂ ਗਈਆਂ ਜਿਸ ਤਰ੍ਹਾਂ ਕਿ ਅੱਜ ਅਸੀਂ ਸਟੀਲ ਦੇ ਰੂਪ ਵਿੱਚ ਵਰਤ ਰਹੇ ਹਾਂ। ਕੁਝ ਚਿਰ ਪਹਿਲਾਂ ਪਲਾਸਟਿਕ ਦੀ ਖੋਜ ਹੋਈ ਜਿਸ ਤੋਂ ਰੋਜ਼ਾਨਾ ਜੀਵਨ ਲਈ ਬਰਤਨ, ਹਥਿਆਰ, ਖਿਡਾਉਣੇ ਅਤੇ ਟਾਇਰ ਆਦਿ ਕਈ ਤਰ੍ਹਾਂ ਦੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ।


ਪ੍ਰਾਚੀਨ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਦਾ ਮੁੱਢਲਾ ਜੀਵਨ ਜੰਗਲੀ ਜੀਵਾਂ ਵਰਗਾ ਸੀ। ਆਦਿ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ। ਜੰਗਲੀ ਜਾਨਵਰਾਂ, ਪੰਛੀਆਂ ਆਦਿ ਦਾ ਸ਼ਿਕਾਰ ਕਰਕੇ ਆਪਣਾ ਪੇਟ ਭਰਦਾ ਸੀ। ਮਨੁੱਖ ਨੇ ਆਪਣਾ ਜੀਵਨ ਇੱਕ ਸ਼ਿਕਾਰੀ

*ਤੁਸੀਂ ਦੇਖਿਆ ਜਾਂ ਸੁਣਿਆ ਹੋਵੇਗਾ ਕਿ ਅੱਜ ਵੀ ਕੁਝ ਮਨੁੱਖ ਜੰਗਲਾਂ ਵਿੱਚ ਕਬੀਲਿਆਂ ਦੇ ਰੂਪ ਵਿੱਚ ਰਹਿੰਦੇ ਹਨ। ਕਈ ਕਬੀਲੇ ਅਜੇ ਵੀ ਟੱਪਰੀਵਾਸੀ ਹਨ ਭਾਵ ਸਮੇਂ ਸਮੇਂ ਲੋੜ ਅਨੁਸਾਰ ਆਪਣੀ ਥਾਂ ਬਦਲਦੇ ਰਹਿੰਦੇ ਹਨ।*

ਦੇ ਤੌਰ ਤੇ ਸ਼ੁਰੂ ਕੀਤਾ। ਇਸ ਤੋਂ ਪਿੱਛੋਂ ਪਸ਼ੂਆਂ ਨੂੰ ਪਾਲਤੂ ਜਾਨਵਰਾਂ ਦੀ ਤਰ੍ਹਾਂ ਪਾਲਣਾ ਸ਼ੁਰੂ ਕੀਤਾ। ਪਸ਼ੂ ਪਾਲਣ ਦਾ ਧੰਦਾ ਸ਼ਿਕਾਰੀ ਜੀਵਨ ਨਾਲੋਂ ਕੁਝ ਅਸਾਨ ਸੀ। ਪਸ਼ੂਆਂ ਤੋਂ ਮਨੁੱਖ ਨੂੰ ਹੋਰ ਕਈ ਤਰ੍ਹਾਂ ਦਾ ਭੋਜਨ ਮਿਲਣ ਲੱਗਾ। ਇਸ ਸਮੇਂ ਨੂੰ ਪਸ਼ੂ-ਪਾਲਣ ਸਟੇਜ ਕਿਹਾ ਜਾਂਦਾ ਹੈ। ਜਦੋਂ ਮਨੁੱਖ ਨੂੰ ਕੁਝ ਵਿਹਲਾ ਸਮਾਂ ਮਿਲਿਆ ਅਤੇ ਉਹ ਕਈ ਹੋਰ ਪਾਸੇ ਸੋਚਣ ਲੱਗਾ। ਜਿਸ ਨਾਲ ਸੱਭਿਅਤਾ ਦਾ ਵਿਕਾਸ ਸ਼ੁਰੂ ਹੋਇਆ। ਪਰ ਉਦੋਂ ਦਾ ਮਨੁੱਖ ਵੀ ਟਪਰੀਵਾਸਾਂ ਦੀ ਤਰ੍ਹਾਂ ਹੀ ਰਹਿੰਦਾ ਸੀ ਅਤੇ ਨਵੀਆਂ ਚਰਾਗਾਹਾਂ ਦੀ ਭਾਲ ਵਿੱਚ ਇੱਧਰ-ਉੱਧਰ ਫਿਰਦਾ ਸੀ ।

## ਕੁਦਰਤੀ ਵਾਤਾਵਰਨ ਤੋਂ ਮਨੁੱਖੀ ਵਾਤਾਵਰਨ :

ਹੌਲ਼ੀ-ਹੌਲ਼ੀ ਮਨੁੱਖਾਂ ਦੀ ਗਿਣਤੀ ਵੱਧਦੀ ਗਈ ਅਤੇ ਉਹ ਵੱਖ-ਵੱਖ ਥਾਂਵਾਂ ਤੇ ਝੁੰਡ ਬਣਾਕੇ ਰਹਿਣ ਲੱਗ ਪਏ। ਉਹਨਾਂ ਨੂੰ ਫ਼ਸਲਾਂ ਅਤੇ ਅਨਾਜ ਉਗਾਕੇ ਖਾਣ ਦਾ ਪਤਾ ਲੱਗਾ। ਜਿਸ ਤੋਂ ਪਿੱਛੋਂ ਖੇਤੀ-ਬਾੜੀ ਦਾ ਧੰਦਾ ਸ਼ੁਰੂ ਹੋਇਆ। ਖੇਤੀ-ਬਾੜੀ ਦਾ ਧੰਦਾ ਸ਼ੁਰੂ ਹੋਣ ਨਾਲ਼ ਇੱਕ ਸੰਗਠਤ ਅਤੇ ਟਿਕਾਊ ਸਮੁਦਾਇਕ ਜੀਵਨ ਦਾ ਆਰੰਭ ਹੋਇਆ। ਉਸ ਯੁੱਗ ਦਾ ਮਨੁੱਖ ਇੱਕ ਥਾਂ ਤੇ ਟਿਕ ਕੇ ਰਹਿਣ ਅਤੇ ਫ਼ਸਲਾਂ



ਚਿੱਤਰ 19.3 ਖੇਤੀ-ਬਾੜੀ ਧੰਦੇ ਦਾ ਆਰੰਭ

ਉਗਾਉਣ ਲੱਗ ਪਿਆ। ਮਨੁੱਖੀ ਪਰਿਵਾਰ ਇਕੱਠੇ ਹੋ ਕੇ ਕੁਝ ਇੱਕ ਥਾਂਵਾਂ ਤੇ ਟਿਕ ਕੇ ਰਹਿਣ ਲੱਗ ਪਏ। ਪਰਿਵਾਰਾਂ ਦੇ ਅਜਿਹੇ ਇਕੱਠ ਨੂੰ ਸਮੁਦਾਇ ਕਿਹਾ ਜਾਂਦਾ ਹੈ। ਜਿਹੜੇ ਬਾਅਦ ਵਿੱਚ ਵੱਧਦੇ ਵੱਧਦੇ ਪਿੰਡ ਬਣਨ ਲੱਗੇ।

*ਪ੍ਰਾਚੀਨ ਸਮੇਂ ਵਿਚ 90% ਭਾਰਤੀ ਵਸੋਂ ਪਿੰਡਾਂ ਦੀ ਹੀ ਸੀ।*

ਖੇਤੀ-ਬਾੜੀ ਧੰਦੇ ਦੇ ਹੋਂਦ ਵਿੱਚ ਆਉਣ ਅਤੇ ਪੇਂਡੂ ਜੀਵਨ ਸ਼ੁਰੂ ਹੋਣ ਤੋਂ ਪਿੱਛੋਂ ਲੋਕਾਂ ਨੇ ਆਪਣੀਆਂ ਵੱਧਦੀਆਂ ਲੋੜਾਂ ਦੀ ਪੂਰਤੀ ਲਈ ਚੀਜ਼ਾਂ ਦੇ ਵਟਾਂਦਰੇ ਦੇ ਰੂਪ ਵਿੱਚ ਵਪਾਰ ਸ਼ੁਰੂ ਕੀਤਾ। ਇਸੇ ਸਮੇਂ ਦੌਰਾਨ ਪਹੀਏ ਦੀ ਕਾਢ ਹੋਈ ਜਿਸ ਨਾਲ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਹੋਇਆ।

ਅੱਗ ਦੀ ਕਾਢ ਹੋਣ ਪਿਛੋਂ ਮਨੁੱਖ ਨੇ ਆਪਣਾ ਭੋਜਨ ਵੀ ਕਈ ਢੰਗਾਂ ਨਾਲ਼ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ। ਮਨੁੱਖੀ ਦਿਮਾਗ ਦੇ ਵਿਕਾਸ ਦੇ ਨਾਲ਼ ਮਨੁੱਖੀ ਜ਼ਰੂਰਤਾਂ ਵੀ ਵੱਧਦੀਆਂ ਗਈਆਂ। ਜਿਸ ਕਾਰਨ ਤਰਖਾਣਾਂ, ਲੁਹਾਰਾਂ, ਦੁਕਾਨਦਾਰੀ ਅਤੇ ਵਪਾਰ ਆਦਿ ਜਿਹੇ ਕਈ ਧੰਦੇ ਹੋਂਦ ਵਿੱਚ ਆਏ। ਇਸਦੇ ਆਧਾਰ ਤੇ ਸਮਾਜ ਵਿੱਚ ਹੋਰ ਕਈ ਵੱਖ-ਵੱਖ ਸਮੂਹ ਬਣਦੇ ਗਏ ਅਤੇ ਸਮਾਜ ਵੱਡਾ ਹੁੰਦਾ ਗਿਆ।

ਸਮਾਜ ਵਿੱਚ ਵੱਖ-ਵੱਖ ਸਮੂਹਾਂ ਦੀ ਆਪਸੀ ਨਿਰਭਰਤਾ ਵਧਣ ਨਾਲ਼ ਸ਼ਹਿਰੀਕਰਣ ਦਾ ਮੁੱਢ ਬੱਝਿਆ। ਜੀਵਨ ਨੂੰ ਵਧੇਰੇ ਸੁਖਾਵਾਂ ਬਣਾਉਣ ਲਈ ਮਨੁੱਖੀ ਲੋੜਾਂ ਦੇ ਵਾਧੇ ਨਾਲ਼ ਕਈ ਤਰ੍ਹਾਂ ਦੇ ਹੁੱਨਰਾਂ ਅਤੇ ਦਸਤਕਾਰੀ ਦਾ ਵਿਕਾਸ ਹੋਇਆ। ਮਿੱਟੀ ਦੇ ਭਾਂਡੇ ਬਣਾਉਣ, ਚਮੜਾ ਰੰਗਣ, ਕੱਪੜਾ ਬੁਣਨ, ਲੁਹਾਰਾਂ ਅਤੇ ਤਰਖਾਣਾਂ ਜਿਹੇ ਧੰਦੇ ਹੋਂਦ ਵਿੱਚ ਆਏ।


ਸਮੇਂ ਨਾਲ਼ ਮਨੁੱਖ ਨੇ ਆਪਣੀ ਲੋੜ ਤੋਂ ਵਾਧੂ ਅਨਾਜ ਉਗਾਉਣਾ ਅਤੇ ਸਾਂਭ ਕੇ ਰੱਖਣਾ ਸ਼ੁਰੂ ਕੀਤਾ। ਇਸ ਨਾਲ਼ ਹੋਰ ਕਾਫ਼ੀ ਵਿਹਲਾ ਸਮਾਂ ਮਿਲ਼ਿਆ। ਜਿਸ ਸਮੇਂ ਵਿੱਚ ਕਈ ਕਲਾਵਾਂ ਜਿਹਾ ਕਿ ਤਸਵੀਰਾਂ ਬਣਾਉਣ, ਸੰਗੀਤ, ਬੁੱਤ-ਤਰਾਸ਼ੀ ਅਤੇ ਭਵਨ ਕਲਾ ਦਾ ਨਿਰਮਾਣ ਅਤੇ ਵਿਕਾਸ ਹੋਇਆ। ਹੁਣ ਮਨੁੱਖ ਧਾਤਾਂ ਤੋਂ ਵੀ ਕੁਝ ਸਜਾਵਟ ਦੀਆਂ ਚੀਜ਼ਾਂ ਅਤੇ ਗਹਿਣੇ ਆਦਿ ਬਣਾਉਣ ਲੱਗ ਪਿਆ।


ਜਨਸੰਖਿਆ ਦੇ ਵੱਧਣ ਨਾਲ਼ ਪਰਿਵਾਰਾਂ ਦੇ ਸਮੂਹ ਹੋਰ ਵੱਡੇ ਹੋਣ ਲੱਗੇ। ਜਿਸ ਕਾਰਨ ਸਮਾਜ ਨੂੰ ਸੰਗਠਤ ਕਰਨ ਦੀ ਲੋੜ ਮਹਿਸੂਸ ਹੋਣ ਲੱਗ ਪਈ। ਸੰਗਠਤ ਸਮਾਜ ਬਣਾਉਣ ਲਈ ਸਮਾਜ ਛੋਟੇ-ਛੋਟੇ ਸੰਗਠਤ ਸਮੂਹਾਂ ਵਿੱਚ ਵੰਡਿਆ ਗਿਆ। ਅਜਿਹੇ ਸੰਗਠਤ ਸਮਾਜ ਨੂੰ ਰਾਜ ਕਿਹਾ ਗਿਆ। ਰਾਜ ਦਾ ਪ੍ਰਬੰਧ ਚਲਾਉਣ ਲਈ ਰਾਜ ਸਰਕਾਰ ਬਣਾਈ ਗਈ।

ਕਸਬਿਆਂ ਤੋਂ ਪਿੱਛੋਂ ਹੌਲ਼ੀ-ਹੌਲ਼ੀ ਵਧੇਰੇ ਵਿਕਸਿਤ ਸ਼ਹਿਰ ਬਣਨ ਲੱਗੇ। ਵਿਗਿਆਨ ਅਤੇ

ਤਕਨੀਕੀ ਗਿਆਨ ਵੱਧਣ ਨਾਲ਼ ਸਮਾਜ ਦੀ ਬਹੁ-ਪੱਖੀ ਤਰੱਕੀ ਹੋਣੀ ਸ਼ੁਰੂ ਹੋ ਗਈ। ਜੀਵਨ ਵਧੇਰੇ ਸੁਖਮਈ ਅਤੇ ਖ਼ੁਸ਼ਹਾਲ ਬਣਿਆ। ਕੁਝ ਲੋਕ ਐਸ਼ਪ੍ਰਸਤ ਹੁੰਦੇ ਗਏ। ਸੋ ਇੱਕ ਸ਼ਿਕਾਰੀ ਮਨੁੱਖ ਤੋਂ ਲੈ ਕੇ ਹੁਣ ਤੱਕ ਦੇ ਮਨੁੱਖ ਦਾ ਇਤਿਹਾਸ ਬੜਾ ਲੰਬਾ ਅਤੇ ਹੈਰਾਨੀਜਨਕ ਹੈ।

ਇਸ ਤਰ੍ਹਾਂ ਕੁਦਰਤੀ ਵਾਤਾਵਰਨ ਵਿੱਚ ਵਿਚਰਦਾ ਹੋਇਆ ਮਨੁੱਖ ਹੌਲ਼ੀ-ਹੌਲ਼ੀ ਆਪਣੀ ਸੋਚ ਸ਼ਕਤੀ ਦੀ ਵਰਤੋਂ ਕਰਦਾ-ਕਰਦਾ ਅੱਜ ਦੇ ਤਕਨੀਕੀ ਯੁੱਗ ਤੱਕ ਪਹੁੰਚ ਗਿਆ। ਜਿਸ ਨਾਲ਼ ਆਧੁਨਿਕ ਸਮਾਜ ਦਾ ਜਨਮ ਹੋਇਆ।





*ਚਿੱਤਰ 19.4 ਪ੍ਰਾਚੀਨ ਮਨੁੱਖ ਅਤੇ ਆਧੁਨਿਕ ਮਨੁੱਖ ਦੇ ਰਹਿਣ ਅਸਥਾਨ*

ਜਿੱਥੇ ਕੁਦਰਤ ਨੇ ਇਨਸਾਨ ਲਈ ਕੁਦਰਤੀ ਸਾਧਨਾਂ ਦੀ ਭਰਮਾਰ ਬਖ਼ਸ਼ੀ ਹੈ ਉੱਥੇ ਮਨੁੱਖ ਨੇ ਇਹਨਾਂ ਭੰਡਾਰਾਂ ਦੀ ਯੋਗ ਵਰਤੋਂ ਕਰਕੇ ਮਨੁੱਖੀ ਜੀਵਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਪੈਦਾ ਕੀਤੀਆਂ ਹਨ। ਤੁਸੀਂ ਜਾਣਦੇ ਹੋ ਕਿ ਇਨਸਾਨ ਨੇ ਕੁਦਰਤੀ ਵਾਤਾਵਰਨ ਵਿੱਚ ਕਿੰਨੀਆਂ ਤਬਦੀਲੀਆਂ ਕੀਤੀਆਂ ਅਤੇ ਅਜੇ ਵੀ ਇਸ ਦਾ ਤਕਨੀਕੀ ਵਿਕਾਸ ਜਾਰੀ ਹੈ। ਬਾਕੀ ਸਭ ਤਰ੍ਹਾਂ ਦੇ ਵਿਕਾਸ ਦੀ ਤਰ੍ਹਾਂ ਮਨੁੱਖੀ ਜੀਵਨ ਵਿੱਚ ਕੁਝ ਰੀਤੀ-ਰਿਵਾਜਾਂ, ਵਿਚਾਰਾਂ, ਕਦਰਾਂ ਅਤੇ ਪਰੰਪਰਾਵਾਂ ਦਾ ਵਿਕਾਸ ਹੁੰਦਾ ਹੈ। ਸਮੇਂ ਦੇ ਬੀਤਣ ਨਾਲ਼ ਇਹ ਸਭ ਰੀਤੀ ਰਿਵਾਜ ਅਤੇ ਪਰੰਪਰਾਵਾਂ ਸਾਡੇ ਇਤਿਹਾਸ ਦੇ ਸੱਭਿਆਚਾਰਕ ਵਿਰਸੇ ਦਾ ਰੂਪ ਲੈ ਲੈਂਦੀਆਂ ਹਨ।

## ਸਮੁਦਾਇਕ ਜੀਵਨ ਦੀ ਲੋੜ :

ਸਮੁਦਾਇ ਦੀ ਜ਼ਰੂਰਤ ਇਸ ਲਈ ਪੈਂਦੀ ਹੈ ਕਿਉਂਕਿ ਕੋਈ ਵੀ ਮਨੁੱਖ ਇਕੱਲਾ ਨਹੀਂ ਰਹਿ ਸਕਦਾ ਅਤੇ ਨਾ ਹੀ ਰਹਿੰਦਾ ਹੈ। ਇਸੇ ਲਈ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਮਨੁੱਖ ਆਪਣੇ ਸੁਭਾਅ ਅਤੇ ਲੋੜਾਂ ਦੀ ਪੂਰਤੀ ਕਾਰਨ ਇੱਕ ਸਮਾਜਿਕ ਜੀਵ ਹੈ। ਮੋਟੇ ਤੌਰ 'ਤੇ ਸ਼ਹਿਰੀ ਲੋਕ ਆਪਣੇ ਭੋਜਨ ਲਈ ਪੇਂਡੂ ਕਿਸਾਨ ਤੇ ਨਿਰਭਰ ਹਨ ਅਤੇ ਪੇਂਡੂ ਲੋਕ ਸ਼ਹਿਰਾਂ ਵਿੱਚ ਰੋਜ਼ਾਨਾ

ਲੋੜਾਂ ਲਈ ਬਣਾਈਆਂ ਜਾਂਦੀਆਂ ਚੀਜ਼ਾਂ ਕਾਰਨ ਸ਼ਹਿਰੀ ਸਮਾਜ ਤੇ ਨਿਰਭਰ ਹਨ। ਇਸੇ ਤਰ੍ਹਾਂ ਹੀ ਅੱਜ ਦੇ ਵਿਸ਼ਵਵਿਆਪੀ ਸੰਸਾਰ ਵਿੱਚ ਵੀ ਸਾਰੇ ਦੇਸ ਕਿਸੇ ਨਾ ਕਿਸੇ ਪੱਖੋਂ ਦੂਜੇ ਦੇਸਾਂ ਤੇ ਨਿਰਭਰ ਹਨ। ਭਾਵ ਸਾਰੇ ਸੰਸਾਰ ਦਾ ਸਮਾਜ ਹੀ ਕਿਸੇ ਨਾ ਕਿਸੇ ਪੱਖੋਂ ਅੰਤਰ-ਨਿਰਭਰ ਹੈ। ਇਸ ਲਈ ਸਮਾਜ ਦੀ ਮਨੁੱਖ ਨੂੰ ਹਰ ਪੱਧਰ ਤੇ ਜ਼ਰੂਰਤ ਹੈ।

ਸਮਾਜ ਜਾਂ ਸਮੁਦਾਇ ਇੱਕ ਥਾਂ ਤੇ ਰਹਿਣ ਵਾਲ਼ੇ ਸਾਂਝੇ ਉਦੇਸ਼ ਵਾਲ਼ੇ ਸੰਗਠਤ ਸਮੂਹ ਨੂੰ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਸਮਾਜ (ਸਮੁਦਾਇ) ਵਿੱਚ ਉਹ ਸਾਰੇ ਲੋਕ ਹੁੰਦੇ ਹਨ, ਜਿਹਨਾਂ ਦਾ

*ਇੱਕ ਥਾਂ ਤੇ ਰਹਿਣ ਵਾਲ਼ੇ, ਸਾਂਝੇ ਉਦੇਸ਼ ਵਾਲ਼ੇ ਸੰਗਠਤ ਸਮੂਹ ਨੂੰ ਸਮੁਦਾਇ ਕਿਹਾ ਜਾਂਦਾ ਹੈ।*

ਸਾਡੇ ਜੀਵਨ ਤੇ ਪ੍ਰਭਾਵ ਪੈਂਦਾ ਹੈ। ਭਾਵੇਂ ਉਹ ਲੋਕ ਸਾਡੇ ਦੇਸ ਵਿੱਚ ਜਾਂ ਬਾਹਰੀ ਦੁਨੀਆ ਵਿੱਚ ਗੁਆਂਢ, ਪਿੰਡ, ਦੇਸ ਜਾਂ ਵਿਦੇਸ਼ੀ ਸਮਾਜ ਵਿੱਚ ਹੋਣ। ਜਿਹਨਾਂ ਦਾ ਸਾਡੇ ਨਾਲ਼ ਹਰ ਰੋਜ਼ ਵਾਹ ਪੈਂਦਾ ਹੈ। ਉਹ ਸਾਡੇ ਲਈ ਬਹੁਤ ਹੀ ਮਹੱਤਵਪੂਰਨ ਹਨ ਕਿਉਂਕਿ ਸਮੁਦਾਇ (ਸਮਾਜ) :—

1. ਸਾਨੂੰ ਘਰ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ।
2. ਹਰ ਰੋਜ਼ ਦੀਆਂ, ਕੱਪੜਾ, ਭੋਜਨ, ਮਕਾਨ ਆਦਿ ਦੀਆਂ ਲੋੜਾਂ ਪੂਰੀਆਂ ਕਰਦਾ ਹੈ।
3. ਸਾਡੇ ਨਾਲ਼ ਵਿਚਾਰਾਂ ਅਤੇ ਗਿਆਨ ਦਾ ਆਦਾਨ-ਪ੍ਰਦਾਨ ਕਰਕੇ ਸਾਡੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਵਿਕਾਸ ਕਰਦਾ ਹੈ।
4. ਸਾਡੇ ਵਿੱਚ ਲੋੜੀਂਦੀਆਂ ਕਦਰਾਂ ਕੀਮਤਾਂ ਅਤੇ ਗੁਣਾਂ ਦਾ ਵਿਕਾਸ ਕਰਦਾ ਹੈ।

### ਦੇਸ/ਕੌਮ ਅਤੇ ਸਮੁਦਾਇ ਲਈ ਸਾਡੇ ਫ਼ਰਜ਼ :

ਪਰਿਵਾਰ ਸਾਡੀਆਂ ਮੁੱਢਲੀਆਂ ਲੋੜਾਂ ਅਤੇ ਸਮਾਜ ਸਾਡੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਲਈ ਹੋਂਦ ਵਿੱਚ ਆਏ। ਪਰਿਵਾਰ ਵਿੱਚ ਅਸੀਂ ਆਪਣੇ ਮਾਤਾ, ਪਿਤਾ ਤੇ ਨਿਰਭਰ ਕਰਦੇ ਹਾਂ। ਸਕੂਲ ਵਿੱਚ ਅਸੀਂ ਆਪਣੇ ਅਧਿਆਪਕਾਂ ਤੇ ਨਿਰਭਰ ਕਰਦੇ ਹਾਂ। ਸਾਡੇ ਸਾਰਿਆਂ ਦੇ ਸਮੂਹ ਨਾਲ਼ ਸਮਾਜ ਬਣਦਾ ਹੈ। ਇਹ ਸਮਾਜ ਮਨੁੱਖ ਦੀ ਭਲਾਈ ਲਈ ਹੀ ਹੋਂਦ ਵਿੱਚ ਆਇਆ। ਭਾਵ ਮਨੁੱਖੀ ਜੀਵਨ ਸਮਾਜ ਤੋਂ ਬਿਨਾਂ ਸੰਭਵ ਨਹੀਂ ਹੈ।

ਅਸੀਂ ਸਾਰੇ ਆਪਣੇ ਪਰਿਵਾਰ, ਸਕੂਲ, ਪਿੰਡ, ਸ਼ਹਿਰ ਜਾਂ ਬਾਕੀ ਦੇ ਸਮਾਜ ਦੀ ਭਲਾਈ ਲਈ ਕੁਝ ਨਾ ਕੁਝ ਕਰਦੇ ਹਾਂ। ਇੱਕ ਦੂਸਰੇ ਨਾਲ਼ ਮਿਲਵਰਤਨ ਨਾਲ ਰਹਿੰਦੇ ਹਾਂ। ਆਪਣੇ ਦੁੱਖ, ਸੁੱਖ ਵੀ ਆਪਣੇ ਸਮਾਜ ਵਿੱਚ ਰਹਿੰਦੇ ਹੋਏ ਇੱਕ ਦੂਜੇ ਨਾਲ ਸਾਂਝੇ ਕਰਦੇ ਹਾਂ। ਅਸੀਂ ਸਾਰੇ ਆਪਣੇ ਸਮੁਦਾਇ (ਸਮਾਜ) ਦਾ ਅਨਿਖੜਵਾਂ ਅੰਗ ਹਾਂ।

*ਹਰੇਕ ਇਨਸਾਨ ਆਪਣੇ ਸਮਾਜ ਦਾ ਇੱਕ ਮਹੱਤਵਪੂਰਨ ਹਿੱਸਾ ਹੈ।*